
ISSN 0972-2335


# ਅੰਮ੍ਰਿਤ ਕੀਰਤਨ




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਅਗਸਤ 2022

ਮੁੱਲ 15/-



## ਕਿਚਰ ਉਡੀਕ ਕਰੇਸਾਂ

ਆ ਪਿਆਰੇ ਬਸ ਨੈਨਨ ਮੇਂ,
ਹੋਰ ਕਿਚਰ ਉਡੀਕ ਕਰੇਸਾਂ ।

ਹਿਜਰ ਤੇਰੀ ਦੀ ਕੁੱਠੀ,
ਸੀਨੇ ਕਦ ਤਕ ਤੀਰ ਝਲੇਸਾਂ ।

ਅੱਖੀਆਂ ਵਿਚ ਪਾ ਤੈਨੂੰ ਸੋਹਣੇ,
ਮੀਟ ਲੈਸਾਂ ਦੋਇ ਪਲਕਾਂ ।

ਹੋਰ ਕਿਤੇ ਸੰਤੋਖ ਨ ਦੇਖਾਂ,
ਨ ਤੋਇ ਦੇਖਣ ਦੇਸਾਂ ।

## HOW LONG SHALL I WAIT

Have Thy seat in my eyes, O Dear !
How long shall I wait in vain ?

Wounded with lance of separation,
no more I can bear the pain.

Feeling Thy presence in my eyes,
eyelids I shall keep closed.

Santokh won't glance at someone else,
allow none else in Thine eyes' fold.

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
(ਫੋਨ :0172-4782705, 98150-72197) ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਕਿਚਰ ਉਡੀਕ ਕਰੇਸਾਂ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਖੋਜ ਚਿੰਤਨ 2

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ
ਅਜੈਪਾਲ ਸਿੰਘ ਚਵਿੰਡਾ 4

ਸੰਗੀਤ ਵਿਚ ਹਸਤ ਸਾਧਨਾ ਦਾ ਮਹੱਤਵ ਅਤੇ ਇਸ ਦੀ ਵਿਧੀ 6

ਗੁਰਮਤਿ ਸੰਗੀਤ ਵਿਚ ਤਾਲ ਦਾ ਮਹੱਤਵ
ਡਾ. ਪਰਮਜੀਤ ਸਿੰਘ 9

ਵਸ਼ਿਸ਼ਟ ਗੁਰਬਾਣੀ ਗਾਇਕ ਭਾਈ ਦੇਵਿੰਦਰ ਸਿੰਘ
ਨਵਜੋਤ ਕੌਰ ਕਸੇਲ 12

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) ਟਾ-3-4


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਖੋਜ ਚਿੰਤਨ

ਜਿਹਨਾਂ ਦਿਨਾਂ ਵਿੱਚ ਮੈਂ ਪੀਐਚ ਡੀ ਕਰ ਰਿਹਾ ਸੀ, ਉਦੋਂ ਹੀ ਡਾਕਟਰ ਕੇਸਰ ਸਿੰਘ ਜੀ ਰਿਚਸਰਚ ਮੈਥੇਡਾਲੋਜੀ ਬਾਰੇ ਕੁਝ ਨਿਬੰਧ ਲਿਖ ਰਹੇ ਸਨ। ਇਹ ਲਿਖਦਿਆਂ ਉਹ ਮੈਨੂੰ ਪੜ੍ਹ ਕੇ ਸੁਣਾਉਂਦੇ ਵੀ ਸਨ। ਮੈਨੂੰ ਸਮਝਾਉਣ ਲਈ ਉਹ ਗੁਰਬਾਣੀ ਅਤੇ ਸਾਹਿਤ ਵਿੱਚੋਂ ਉਦਾਹਰਨਾਂ ਦਿੰਦੇ ਸਨ। ਪਿਛੇ ਜਿਹੇ ਉਹਨਾਂ ਵੱਲੋਂ ਰਚਿਤ ਪੁਸਤਕ 'ਖੋਜ ਚਿੰਤਨ' ਪੜ੍ਹਨੀ ਅਰੰਭੀ ਤਾਂ ਇਸ ਦੇ ਪਹਿਲੇ ਹਿੱਸੇ ਪੜ੍ਹਦਿਆਂ ਤਾਂ ਸਹਿਤਿਕ ਨਿਬੰਧਾਂ ਜਿਹਾ ਅਨੰਦ ਆਇਆ।

ਕੁਝ ਵੀ ਲਿਖਣ ਲਈ ਖੋਜ– ਬਿਰਤੀ ਅਤੇ ਖੋਜ ਦੀ ਮੌਲਿਕਤਾ ਬਾਰੇ ਪਤਾ ਲੱਗਾ। ਆਪ ਲਿਖਦੇ ਹਨ–ਭਾਵੇਂ ਖੋਜ ਕਿਸੇ ਤਰ੍ਹਾਂ ਦੀ ਵੀ ਹੋਵੇ ਉਸ ਦੇ ਲਈ ਬੁੱਧ, ਬਿਬੇਕ, ਸਿਰੜ, ਠਰ੍ਹੰਮੇ,ਲਗਨ ਤੇ ਇਕ ਖਾਸ ਪ੍ਰਕਾਰ ਦੇ ਅਨੁਸ਼ਾਸਨ ਦੀ ਲੋੜ ਹੁੰਦੀ ਹੈ। ਇਥੋਂ ਤਕ ਕਿ ਅਧਿਆਤਮਕ ਖੇਤਰ ਦੇ ਜਿਗਿਆਸੂਆਂ ਲਈ ਵੀ ਇਹੋ ਸ਼ਰਤ ਹੈ।

ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਬਾਣੀ 'ਜਪੁਜੀ' ਨੂੰ ਸ੍ਰੀ ਸੋਹਨ ਸਿੰਘ ਨੇ 'ਜਿਗਿਆਸੂ ਦਾ ਮਾਰਗ'(ਊੀਕ ਛਕਕਾਕਗ'ਤ ਸ਼ਵੀ)ਕਿਹਾ ਹੈ ਤੇ ਜਪੁਜੀ ਦੀ ਆਖਰੀ ਪਉੜੀ ਵਿੱਚ ਗੁਰੂ ਸਾਹਿਬ ਨੇ ਅੰਤਮ ਸੱਚ ਤਕ ਪਹੁੰਚਣ ਵਾਲੇ ਜਿਗਿਆਸੂ ਲਈ ਜਿਹੜੀ ਸ਼ਰਤ ਰੱਖੀ ਹੈ ਉਹ ਹਰ ਤਰ੍ਹਾਂ ਦੇ ਖੋਜੀ ਉਤੇ ਲਾਗੂ ਹੁੰਦੀ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰ ॥
ਅਹਰਣਿ ਮਤਿ ਵੇਦੁ ਹਥਿਆਰ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ॥
ਘੜੀਐ ਸਬਦ ਸਚੀ ਟਕਸਾਲ ॥

ਜਤੁ, ਧੀਰਜ,ਬੁੱਧੀ,ਗਿਆਨ,ਲਗਨ,ਚਿੰਤਨ, ਸਵੈ–ਅਨੁਸ਼ਾਸਨ ਦੀ ਕੁਠਾਲੀ ਵਿੱਚ, ਪ੍ਰਾਪਤ ਸਾਮੱਗਰੀ ਨੂੰ ਜਿਗਿਆਸੂ ਇਸ ਤਰ੍ਹਾਂ ਢਾਲਦਾ ਹੈ ਕਿ ਇਕ ਨਵਾਂ ਸ਼ਬਦ,ਨਵਾਂ ਸਿਧਾਂਤ ਘੜਿਆ ਜਾਂਦਾ ਹੈ ਤੇ ਇਕ ਨਵਾਂ ਅਵਿਸ਼ਕਾਰ ਹੁੰਦਾ ਹੈ।

ਸਾਹਿਤਕ ਖੋਜ ਦੀ ਮੌਲਿਕਤਾ ਬਾਰੇ ਗੱਲ ਕਰਦਿਆਂ ਡਾਕਟਰ ਕੇਸਰ ਸਿੰਘ ਲਿਖਦੇ ਹਨ–ਅੱਵਲ

ਦਰਜੇ ਦੀ ਖੋਜ ਦੀ ਇਕੋ ਇਕ ਨਿਸ਼ਾਨੀ ਹੈ-ਮੌਲਿਕਤਾ। ਮਾਨਵ ਦੇ ਸਰਬ ਸਾਂਝੇ ਗਿਆਨ ਦਾ ਅੰਗ ਅਜਿਹੀ ਖੋਜ ਹੀ ਬਣਦੀ ਹੈ ਜਿਸ ਵਿਚ ਕੁਝ ਨਵਾਂ ਜਾਂ ਖੋਜੀ ਦਾ ਆਪਣਾ ਹੈ,ਨਿਰਾ ਦੁਹਰਾਉ, ਐਵੇਂ ਜੂਠ ਖਾ ਕੇ ਜੁਗਾਲੀ ਕਰਨ ਵਾਲੀ ਗੱਲ ਹੈ।ਜੀਵਨ ਦੇ ਮਰਮ, ਸਾਹਿਤ ਦੇ ਸੱਚ ਤੇ ਸੱਚ ਦੇ ਮੂਲ ਤਕ ਮਾਂਗਵੇਂ ਖੰਭਾਂ ਨਾਲ ਨਹੀਂ ਪਹੁੰਚਿਆ ਜਾ ਸਕਦਾ।--

ਇਸ ਪਰਿਪੇਖ ਵਿੱਚ ਉਹਨਾਂ ਨੇ ਭਾਈ ਵੀਰ ਸਿੰਘ ਜੀ ਦੀ ਇੱਕ ਕਵਿਤਾ ਨੂੰ ਅੰਕਿਤ ਕੀਤਾ ਹੈ-

ਸਿਰ ਕਚਕਕੋਲ ਬਨਾ ਹਥ ਲੀਤਾ, ਪੜ੍ਹਿਆਂ ਦੁਆਰੇ ਫਿਰਿਆ,
ਦਰ ਦਰ ਦੇ ਟੁਕ ਮੰਗ ਮੰਗ ਪਾਏ, ਤੁੰਨ ਤੁੰਨ ਕੇ ਇਹ ਭਰਿਆ।
ਭਰਿਆ ਦੇਖ ਅਫਰਿਆ ਮੈਂ ਸਾਂ,ਜਾਣਾ ਪੰਡਤ ਹੋਇਆ,
ਟਿਕੇ ਨਾ ਪੈਰ ਜ਼ਿਮੀ ਤੇ ਮੇਰਾ,ਉਚਾ ਹੋ ਹੋ ਟੁਰਿਆ।
ਇਕ ਦਿਨ ਏ ਕਸ਼ਕੋਲ ਲੈ ਗਿਆ,ਮੁਰਸ਼ਦ ਮੂਹਰੇ ਧਰਿਆ,
'ਜੂਠ' 'ਜੂਠ' ਕਰ ਉਸ ਉਲਟਾਇਆ, ਖਾਲੀ ਸਾਰਾ ਕਰਿਆ।

ਪਰ ਇਸ ਦਾ ਅਰਥ ਇਹ ਨਹੀਂ ਕਿ ਖੋਜੀ ਪੂਰਬਲੇ ਗਿਆਨ ਤੋਂ ਨਾਵਾਕਫ ਰਹਿ ਕੇ ਹੀ ਮੌਲਿਕ ਹੋ ਸਕਦਾ ਹੈ।ਨਵੀਂ ਗੱਲ ਕਰਨ ਤੋਂ ਪਹਿਲਾਂ ਇਸ ਪਰਿਪੇਖ ਵਿਚ ਜੋ ਕੁਝ ਵੀ ਆਪਣੇ ਤੋਂ ਪਹਿਲਾਂ ਕਿਹਾ ਜਾ ਚੁਕਾ ਹੈ ਉਸ ਦਾ ਚੰਗੀ ਤਰ੍ਹਾਂ ਅਧਿਅਨ ਕਰਨਾ ਚਾਹੀਦਾ ਹੈ।ਅਜਿਹੇ ਅਧਿਅਨ ਨਾਲ ਹੀ ਖੋਜੀ ਆਪਣੀ ਮੌਲਿਕਤਾ ਦੀ ਪਛਾਣ ਕਰ ਸਕਦਾ ਹੈ।

----ਸਾਹਿਤ ਸਬੰਧੀ ਖੋਜ ਕਰਨ ਵਾਲੇ ਖੋਜਾਰਥੀਆਂ ਲਈ ਇਹ ਪੁਸਤਕ ਨਿਸਚੇ ਹੀ ਲਾਹੇਵੰਦ ਹੈ

ਭੁੱਲ ਚੁੱਕ ਖਿਮਾ

## ਜ਼ਰੂਰੀ ਸੂਚਨਾ

ਸਰਕਾਰ ਦੇ ਨਵੇਂ ਆਦੇਸ਼ਾਂ ਅਨੁਸਾਰ ਅੰਮ੍ਰਿਤ ਕੀਰਤਨ ਟ੍ਰਸਟ ਨੂੰ ਮਾਇਆ ਭੇਜਣ ਵਾਲੇ ਸੱਜਣਾਂ ਨੂੰ 80ਜੀ ਐਕਟ ਅਧੀਨ ਇਨਕਮ ਟੈਕਸ ਤੋਂ ਛੋਟ ਲੈਣ ਲਈ ਆਪਣਾ ਅਧਾਰ ਨੰਬਰ ਅਤੇ ਪੈਨ ਨੰਬਰ ਲਿਖਣਾ ਜ਼ਰੂਰੀ ਹੈ।ਜਿਹਨਾਂ ਨੇ ਵੀ ਮਾਇਆ ਭੇਜੀ ਹੈ ਉਹ ਅੰਮ੍ਰਿਤ ਕੀਰਤਨ ਟ੍ਰਸਟ ਦਾ ਰਸੀਦ ਨੰਬਰ,ਆਪਣਾ ਆਧਾਰ ਨੰਬਰ ਅਤੇ ਪੈਨ ਨੰਬਰ ਤੁਰੰਤ ਭੇਜਣ ਦੀ ਕਿਰਪਾ ਕਰਨ ਜੀ।---**ਜਾਗੀਰ ਸਿੰਘ ਮੋਬਾਇਲ ਨੰ: 9855640630**

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

**ਅਜੈਪਾਲ ਸਿੰਘ ਚਵਿੰਡਾ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਸਨ। ਆਪ ਜੀ ਸਿੱਖਾਂ ਦੇ ਨੌਵੇਂ ਗੁਰੂ ਵੱਜੋਂ ਗੁਰਗੱਦੀ ਉੱਤੇ ਬਿਰਾਜਮਾਨ ਹੋਏ। ਆਪ ਬਚਪਨ ਤੋਂ ਹੀ ਵੈਰਾਗੀ ਅਤੇ ਉਪਰਾਮ ਤਬੀਅਤ ਦੇ ਮਾਲਕ ਸਨ। ਆਪ ਜੀ ਬਾਬਾ ਬਕਾਲਾ ਵਿਖੇ ਸਾਰਾ ਸਮਾਂ ਬਾਣੀ ਸਿਮਰਨ ਅਤੇ ਪ੍ਰਭੂ ਰੰਗ ਵਿਚ ਲੀਨ ਰਹਿੰਦੇ ਸਨ। ਸੰਨ 1664 ਈ. ਵਿਚ ਗੁਰਿਆਈ ਗੁਰਗੱਦੀ ਮਿਲਣ ਉਪਰੰਤ ਆਪ ਨੇ ਆਨੰਦਪੁਰ ਸਾਹਿਬ ਨੂੰ ਸਿੱਖੀ ਪ੍ਰਚਾਰ ਦਾ ਸਥਾਨ ਬਣਾਇਆ ਅਤੇ ਉਥੇ ਰਹਿ ਕੇ ਬਾਣੀ ਦੀ ਰਚਨਾ ਕੀਤੀ।

ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸਨ ਇਸ ਕਾਰਨ ਗੁਰੂ ਜੀ ਦੀਆਂ ਰਚਨਾਵਾਂ ਵਿਚ ਵਧੇਰੇ ਕਰਕੇ ਵੈਰਾਗ ਹੀ ਝਲਕਦਾ ਹੈ ਜਿਵੇਂ-

ਸੋਰਠਿ ਮਹਲਾ 9
ਜੋ ਨਰ ਦੁਖ ਮਹਿ ਦੁਖ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਕਾ ਕੈ
ਕੰਚਨ ਮਾਟੀ ਮਾਨੈ॥ ਰਹਾਉ॥ (ਆਦਿ ਗ੍ਰੰਥ, ਪੰਨਾ 633)

ਇਕ ਹੋਰ ਉਦਾਹਰਨ ਇਸ ਪ੍ਰਕਾਰ ਹੈ-

ਦੇਵਗੰਧਾਰੀ ਮਹਲਾ 9
ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ॥ ਰਹਾਉ॥ (ਆਦਿ ਗ੍ਰੰਥ, ਪੰਨਾ 536)

ਆਪ ਜੀ ਦੀ ਇਕ ਰਚਨਾ 'ਸਾਧੋ ਮਨ ਕਾ ਮਾਨ ਤਿਆਗਉ' ਸ਼ਬਦ ਨੂੰ ਪੰਡਿਤ ਵਿਸ਼ਨੂੰ ਦਿਗੰਬਰ ਨੇ ਰਾਗ ਮੀਆਂ ਮਲਾਰ ਵਿਚ ਨਿਬੱਧ ਕਰਕੇ ਗਾਇਆ ਹੈ।

**ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ-**

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਆਪਣਾ ਮਹਾਨ ਯੋਗਦਾਨ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਚਾਰ ਪਾਤਸ਼ਾਹੀਆਂ ਮਾਝੇ ਅਤੇ ਦੁਆਬੇ ਵਿਚ ਹੀ ਧਰਮ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੀ ਜੜ੍ਹ ਪੱਕੀ ਕਰਦੀਆਂ ਰਹੀਆਂ ਸਨ। ਸਿਰਫ ਛੇਵੇਂ ਪਾਤਸ਼ਾਹ ਹੀ ਪੀਲੀਭੀਤ ਤੱਕ ਗਏ ਸਨ। ਸੋ ਮਾਲਵੇ ਬਾਂਗਰ ਆਦਿ ਇਲਾਕਿਆਂ ਵਿਚ ਜਾਣ ਦੀ ਲੋੜ ਗੁਰੂ ਜੀ ਨੇ ਮਹਿਸੂਸ ਕੀਤੀ ਇਸ ਕਰਕੇ ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਆਪਣਾ ਪੱਕਾ ਸਥਾਨ ਬਣਾਇਆ ਤੇ ਧਰਮ ਪ੍ਰਚਾਰ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ।

**ਰਾਗ ਅਧੀਨ ਬਾਣੀ ਦੀ ਰਚਨਾ-**

ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਰਾਗ ਅਧੀਨ ਬਾਣੀ ਦੀ ਰਚਨਾ ਕੀਤੀ। ਗੁਰੂ ਜੀ ਦੀ ਸਮੁੱਚੀ ਬਾਣੀ ਵਿਚ ਵਿਲੱਖਣਤਾ ਅਤੇ ਮੌਲਿਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਆਪ ਜੀ ਦੀ ਬਾਣੀ ਵਿਚ ਸੰਗੀਤਾਤਮਕਤਾ ਦੀ ਨਵੀਂ ਨੁਹਾਰ ਵੀ ਸਾਹਮਣੇ ਆਉਂਦੀ ਹੈ ਅਤੇ ਆਪ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਤੇ ਰਾਮ ਨਾਮ ਸਿਮਰਨ ਦੇ ਵਿਚਾਰ ਪ੍ਰਬਲ ਹਨ।

ਗੁਰੂ ਜੀ ਨੇ ਕੁਲ 17 ਰਾਗਾਂ ਵਿਚ ਬਾਣੀ ਉਚਾਰੀ ਜਿਵੇਂ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ,

ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਸਾਰੰਗ, ਜੈਜਾਵੰਤੀ ਆਦਿ। ਜੈਜਾਵੰਤੀ ਰਾਗ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ ਹੈ।

**ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ-**

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਹਿੱਤ ਗੁਰੁ ਜੀ ਨੇ ਵੱਖ-ਵੱਖ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ ਹੈ। ਆਪ ਜੀ ਨੇ ਬਾਣੀ ਨੂੰ ਉਚਾਰਨ ਲਈ ਪਦੇ, ਅਸ਼ਟਪਦੀਆਂ ਆਦਿ ਗੰਭੀਰ ਪ੍ਰਕਿਰਤੀ ਵਾਲੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਬਹੁਤ ਮਹੱਤਵ ਹੈ। ਆਪ ਜੀ ਦੇ ਸੰਬੰਧ ਵਿਚ ਇਹ ਵੀ ਪ੍ਰਚਲਿਤ ਹੈ ਕਿ ਇਕ ਵਾਰੀ ਆਪ ਜੌਨਪੁਰ ਵਿਖੇ ਗਏ ਉਥੇ ਰਾਗੀ ਗੁਰਬਖਸ਼ ਜੀ ਦੇ ਘਰ ਕੁਝ ਸਮਾਂ ਠਹਿਰੇ ਅਤੇ ਉਸਨੂੰ ਕੀਰਤਨ ਲਈ ਮਿਰਦੰਗ ਸਾਜ਼ ਦੀ ਬਖਸ਼ਿਸ਼ ਕੀਤੀ। ਮਿਰਦੰਗ ਸਾਜ਼ ਗੁਰਦੁਆਰਾ ਸੰਗਤਿ ਮ੍ਰਿਦੰਗਾਵਲੀ ਜੌਨਪੁਰ ਵਿਖੇ ਅੱਜ ਵੀ ਵਿਸ਼ੇਸ਼ ਸਨਮਾਨ ਸਹਿਤ ਸੁਰੱਖਿਅਤ ਪਿਆ ਹੈ।

**ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ-**

ਗੁਰੂ ਜੀ ਨੇ ਆਪਣੇ ਤੋਂ ਪੂਰਵ ਗੁਰੁ ਸਾਹਿਬਾਨਾਂ ਦੁਆਰਾ ਚਲਾਈ ਗਈ ਕੀਰਤਨ ਪਰੰਪਰਾ ਨੂੰ ਕਿਰਿਆਤਮਕ ਤੌਰ ਤੇ ਸੁਰੱਖਿਅਤ ਹੀ ਨਹੀਂ ਰੱਖਿਆ ਸਗੋਂ ਨਿੱਜੀ ਯੋਗਦਾਨ ਦੁਆਰਾ ਪ੍ਰਫੁੱਲਤ ਵੀ ਕੀਤਾ। ਆਪ ਜੀ ਨੇ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਹਨਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਸੋਦਰਿ ਦੀ ਚੌਕੀ ਦਾ ਕੀਰਤਨ ਹੁੰਦਾ ਸੀ।

**ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ-**

ਪਹਿਲੇ ਗੁਰੂ ਜੀ ਤੋਂ ਲੈ ਕੇ ਜੋ ਪਰੰਪਰਾ ਚੱਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚੱਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ।

ਉਪਰੋਕਤ ਵਿਚਾਰਧਾਰਾ ਅਨੁਸਾਰ ਸਪੱਸ਼ਟ ਹੈ ਕਿ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਹਨਾਂ ਬਾਣੀ ਦੀ ਪ੍ਰਸਤੁਤੀ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਕਿਰਿਆਤਮਕ ਰੂਪ ਵਿਚ ਪ੍ਰਫੁੱਲਤ ਕਰਨ ਦਾ ਯਤਨ ਕੀਤਾ। ਉਹਨਾਂ ਗੁਰਮਤਿ ਸੰਗੀਤ ਨੂੰ ਵਿਭਿੰਨ ਰਾਗਾਂ, ਗਾਇਨ-ਸ਼ੈਲੀਆਂ ਅਤੇ ਉਪਕਰਨਾਂ ਸਹਿਤ ਵਿਸਤ੍ਰਿਤ ਅਤੇ ਕਿਰਿਆਤਮਕ ਰੂਪ ਦਿੱਤਾ। ਗੁਰੂ ਜੀ ਨੇ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨਕਾਰ, ਸਾਜ਼ ਆਦਿ ਦੇ ਵਿਕਾਸ ਵਿਚ ਜਿਹੜਾ ਯੋਗਦਾਨ ਪਾਇਆ ਉਸ ਦੇ ਫਲਸਰੂਪ ਗੁਰਮਤਿ ਸੰਗੀਤ ਸਾਡੇ ਕੋਲ ਇਕ ਵਡੇਰੀ ਪਰੰਪਰਾ ਵੱਜੋਂ ਵਿਦਮਾਨ ਹੈ। ਇਸ ਦੇ ਨਾਲ ਹੀ ਇਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਇਸ ਨੂੰ ਸਿੱਖੀ ਜੀਵਨ ਦੇ ਰੋਜ਼ਾਨਾ ਅਤੇ ਵਿਸ਼ੇਸ਼ ਕਰ ਸਮਾਗਮ, ਉਤਸਵਾਂ ਆਦਿ ਦਾ ਅਨਿਖੜ ਅੰਗ ਬਣਾ ਕੇ ਸਜੀਵ ਅਤੇ ਵਿਹਾਰਕ ਰੂਪ ਵੀ ਪ੍ਰਦਾਨ ਕੀਤਾ। ਉਕਤ ਚਰਚਾ ਦੇ ਅੰਤਰਗਤ ਵਰਨਿਤ ਵਿਕਾਸ ਸੰਖੇਪ ਰੂਪ ਵਿਚ ਕੀਤਾ ਗਿਆ ਹੈ ਜਿਸ ਕਰਕੇ ਇਸ ਸੰਬੰਧੀ ਵਿਸਤ੍ਰਿਤ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ।

**ਸਹਾਇਕ ਪ੍ਰੋਫੈਸਰ ਸੰਗੀਤ, ਬਾਬਾ ਅਜੈ ਸਿੰਘ ਖਾਲਸਾ ਕਾਲਜ**
**ਗੁਰਦਾਸ ਨੰਗਲ, ਗੁਰਦਾਸਪੁਰ**
**ਫੋਨ- 9464265464**

# ਸੰਗੀਤ ਵਿਚ ਹਸਤ ਸਾਧਨਾ ਦਾ ਮਹੱਤਵ ਅਤੇ ਇਸ ਦੀ ਵਿਧੀ

**ਡਾ. ਪਰਮਜੀਤ ਸਿੰਘ**

ਕਿਸੀ ਵੀ ਕਲਾ ਵਿਚ ਮੁਹਾਰਿਤ ਹਾਸਿਲ ਕਰਨ ਵਾਸਤੇ ਰਿਆਜ਼ ਕਰਨਾ ਹੀ ਇੱਕੋ ਇਕ ਸਾਧਨ ਹੈ। ਜੇਕਰ ਤਾਲਿਮ ਬੀਜ ਹੈ, ਤੇ ਰਿਆਜ਼ ਉਸ ਬੀਜ ਨੂੰ ਪ੍ਰਫੁਲਿਤ ਕਰਨ ਵਾਸਤੇ ਖਾਦ ਅਤੇ ਪਾਣੀ ਦਾ ਕੰਮ ਕਰਦਾ ਹੈ। ਅਛੀ ਉਪਜਾਊ ਭੂਮੀ ਰੂਪੀ ਹਿਰਦੈ ਵਿਚ ਗੁਰੂ ਤੋਂ ਪ੍ਰਾਪਤ ਤਾਲਿਮ ਰੂਪੀ ਅਛਾ ਬੀਜ ਬੋਣਾ ਅਤੇ ਉਸ ਵਿਚ ਰਿਆਜ ਰੂਪੀ ਖਾਦ ਅਤੇ ਪਾਣੀ ਦੇਣ ਨਾਲ ਸਮਾਂ ਪਾ ਕੇ ਉਹ ਬੀਜ ਬਿਰਖ ਦਾ ਰੂਪ ਧਾਰਣ ਕਰਕੇ ਅਨੇਕਾਂ ਫਲ ਦਿੰਦਾ ਹੈ।

ਅੱਜ ਸਾਡੇ ਸਾਹਮਣੇ ਆਬਾਦੀ ਦਾ ਵਿਸਤਾਰ, ਸਮੇਂ ਦੀ ਕਮੀ ਅਤੇ ਜੀਵਨ ਨੂੰ ਚਲਾਉਣ ਦੀਆਂ ਕਈ ਸਮਸਿਆਵਾਂ ਹਨ। ਇਸ ਲਈ ਜੋ ਰਿਆਜ ਜਾਂ ਹਸਤ੍ਸਾਧਨਾ ਵਾਸਤੇ ਸਾਡੇ ਗੁਰੂਜਨ ਸਮਾਂ ਕਢਦੇ ਸਨ ਉਹ ਅੱਜ ਦੇ ਸਮੇਂ ਵਿਚ ਸੰਭਵ ਨਹੀਂ। ਅਜਕਲ ਵਿਦਿਆਰਥਿਆਂ ਨੂੰ ਸਕੂਲੀ ਪੜਾਈ ਤੋਂ ਬਾਅਦ 5 ਸਾਲਾਂ ਵਿਚ ਐਮ. ਏ. ਦੀ ਪੜਾਈ ਪੂਰੀ ਕਰਨੀ ਹੁੰਦੀ ਹੈ। ਇਸ ਦੋਰਾਨ ਇਹਨਾਂ ਨੂੰ ਸ਼ਾਸਤਰ ਦੀ ਪੜਾਈ ਵੀ ਕਰਨੀ ਹੁੰਦੀ ਹੈ। ਅਤੇ ਕਿਰਿਆਤਮਿਕ ਪੜਾਈ ਕਰਨੀ ਹੁੰਦੀ ਹੈ। ਕਿਰਿਆਤਮਿਕ ਪੜਾਈ ਵਾਸਤੇ ਰਿਆਜ਼ ਜਾਂ ਹਸਤ ਸਾਧਨਾ ਵੀ ਬਹੁਤ ਜਰੂਰੀ ਹੈ। ਪਰ ਜੋ ਸਮਾਂ ਹਸਤ ਸਾਧਨਾ ਨੂੰ ਦੇਣਾ ਚਾਹੀਦਾ ਹੈ ਉਹ ਸਮਾਂ ਵਿਦਿਆਰਥੀ ਨਹੀਂ ਦੇ ਪਾਉਂਦੇ।

ਸੰਗੀਤ ਵਿਚ ਹਸਤ ਸਾਧਨਾ ਸਬਦ ਜਿਆਦਾ ਵਾਦਨ ਸੰਗੀਤ ਨਾਲ ਜੁੜਿਆ ਹੈ। ਜਿਸ ਵਿਚ ਤੰਤੀ ਸਾਜ਼ ਦਿਲਰੁਬਾ, ਇਸਰਾਜ਼, ਸੁਸ਼ਿਰ ਸਾਜ਼ ਹਰਮੋਨੀਅਮ ਅਤੇ ਅਵਨਧ ਸਾਜ਼ ਪਖਾਵਜ, ਜੋੜੀ, ਤਬਲਾ ਆਦਿ ਸਾਜ਼ ਆਉਂਦੇ ਹਨ। ਅਸੀਂ ਇਥੇ ਸਿਰਫ ਤਾਲ ਸਾਜ ਅਰਥਾਰਤ ਤਬਲਾ ਅਤੇ ਪਖਾਵਜ ਦੀ ਹਸਤ ਸਾਧਨਾ ਬਾਰੇ ਹੀ ਵਿਚਾਰ ਕਰਾਂਗੇ।

ਹਸਤ ਸਾਧਨਾ ਵਿਚ ਵਰਣਾ ਦਾ ਨਿਕਾਸ, ਲੈਅਕਾਰੀਆਂ ਦਾ ਅਭਿਆਸ ਅਤੇ ਪੜੰਤ ਕਰਨਾ ਇਹ ਸਾਰੀਆਂ ਕਿਰਿਆਵਾਂ ਹਸਤ੍ਸਾਧਨਾ ਵਿਚ ਆਉਂਦੀਆਂ ਹਨ। ਪਹਿਲੇ ਸਮੇਂ ਵਿਚ ਗਰੂਜਨ ਇਨਾਂ ਤਿਨਾਂ ਗਲਾਂ ਤੇ ਵਿਸ਼ੇਸ ਧਿਆਨ ਦਿੰਦੇ ਸੀ। ਪਰ ਸਵਾਲ ਉਠਦਾ ਹੈ ਕਿ ਜਿਨੀ ਜਲਦੀ ਅਸੀ ਕੋਈ ਬੋਲ ਯਾਦ ਕਰਦੇ ਹਾਂ, ਕਿ ਉਹੀ ਬੋਲ ਉਨੀ ਜਲਦੀ ਹਥ ਨਾਲ ਸਾਜ ਤੇ ਵਜਾਇਆ ਜਾ ਸਕਦਾ ਹੈ? ਇਸ ਦਾ ਉੱਤਰ ਨਹੀਂ ਹੈ, ਕਿਉਂਕਿ ਸਾਡੀਆਂ ਉਂਗਲੀਆਂ ਸਾਡੇ ਦਿਮਾਗ ਦੀ ਚਾਕਰ ਨਹੀਂ, ਇਨ੍ਹਾਂ ਨੂੰ ਅਭਿਆਸ ਕਰਕੇ ਦਿਮਾਗ ਦੇ ਅਨੁਸਾਰ ਬਣਾਇਆ ਜਾ ਸਕਦਾ ਹੈ।

ਤਬਲੇ ਜਾਂ ਪਖਾਵਜ ਦਾ ਰਿਆਜ ਕਰਨ ਦਾ ਜੋ ਪੁਰਾਣਾ ਤਰੀਕਾ ਹੈ, ਉਸ ਢੰਗ ਨਾਲ ਅਗਰ ਰਿਆਜ ਕੀਤਾ ਜਾਵੇ ਤਾਂ ਉਸ ਤੋਂ ਹੋਣ ਵਾਲਾ ਲਾਭ ਵਿਦਿਆਰਥੀ ਆਪ ਹੀ ਮਹਿਸੂਰ ਕਰਨਗੇ। ਉਂਝ ਤਾਂ ਹਸਤ੍ਸਾਧਨਾ ਸੰਬੰਧਿਤ ਕਈ ਗਲਾਂ ਹਨ। ਪਰ ਅਸੀ ਉਨ੍ਹਾਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਅਤੇ ਜੋ ਲਾਭ ਹੋਣਾ ਹੁੰਦਾ ਹੈ ਉਸ ਤੋਂ ਅਸੀ ਵਾਂਝੇ ਰਹਿ ਜਾਂਦੇ ਹਾਂ। ਇਥੇ ਰਿਆਜ ਕਰਨ ਦੇ ਕੁਝ ਏਸੇ ਢੰਗ ਦੱਸੇ ਜਾ ਰਹੇ ਹਨ ਜਿਸ ਨਾਲ ਇਕ ਅੱਛਾ ਕਲਾਕਾਰ ਬਣਨ ਵਿਚ ਸਹਾਇਤਾ ਮਿਲ ਸਕਦੀ ਹੈ।

ਤਬਲੇ ਜਾ ਪਖਾਵਜ ਦੇ ਰਿਆਜ ਦੇ ਸਮੇਂ ਸਭ ਤੋਂ ਪਹਿਲਾਂ ਧਿਆਨ ਵਿਚ ਰੱਖਣਾ ਹੈ ਕਿ ਇਕ ਚੀਜ ਨੂੰ ਪਹਿਲੇ ਘੱਟ ਲੈਅ ਵਿਚ ਵਜਾਇਆ ਜਾਏ, ਜਿਸ ਨਾਲ ਬੋਲਾਂ ਵਿਚ ਜਮਾਵਟ ਦੇ ਨਾਲ ਨਾਲ ਸਫਾਈ ਅਤੇ ਵਾਦਨ ਵਿਚ ਪ੍ਰਭਾਵ ਵੀ ਪੈਦਾ ਹੁੰਦਾ ਹੈ।

ਹਸਤ ਸਾਧਨਾ ਨਾਲ ਜਿਹੜੇ ਕਲਾਕਾਰ ਪ੍ਰਭਾਵਸ਼ਾਲੀ ਤਬਲਾ ਵਜਾਉਂਦੇ ਹਨ, ਉਨ੍ਹਾਂ ਵਾਸਤੇ ਕਹਾਵਤ ਹੈ ਕਿ ਮਿਆਂ ਏਸੇ ਬੋਲ ਨਿਕਲ ਰਹੇ ਹੈ ਜੈਸੇ ਗੰਡੇਰੀ ਕਟ ਰਹੀ ਹੈ।

ਰਿਆਜ਼ ਕਰਨ ਸਮੇਂ ਇਕ ਚੀਜ ਨੂੰ ਇਕ ਹੀ ਲੈਅ ਵਿਚ ਘੱਟੋ ਘੱਟ ਇੱਕ ਘੰਟਾ ਬਿਨਾ ਰੁਕੇ ਵਜਾਣਾ ਚਾਹਿਦਾ ਹੈ। ਜਦੋਂ ਉਹ ਚੀਜ ਉਸ ਲੈਅ ਵਿਚ ਬੈਠ ਜਾਏ ਤਾਂ ਥੋੜੀ ਲੈਅ ਵੱਧਾ ਕੇ ਅੱਧਾ ਘੰਟਾ ਉਸ ਚੀਜ ਨੂੰ ਵਜਾਇਆ ਜਾਏ। ਇਸ ਤਰ੍ਹਾਂ ਹਥ ਵਿਚ ਅੱਛੀ ਤਿਆਰੀ ਆ ਜਾਂਦੀ ਹੈ। ਰਿਆਜ ਕਰਨ ਵੇਲੇ ਇਹ ਧਿਆਨ ਰੱਖਣਾ ਚਾਹਿਦਾ ਹੈ ਕਿ ਜਦੋਂ ਰਿਆਜ ਕਰਨ ਦੇ ਦੋਰਾਨ ਹੱਥਾਂ ਵਿਚ ਜਾ ਮੋਡਿਆਂ ਵਿੱਚ ਦਰਦ ਮਹਿਸੂਸ ਹੋਏ ਤਾਂ, ਉਸ ਹਾਲਤ ਵਿਚ ਵੀ ਰਿਆਜ ਨਾ ਛੜਿਆ ਜਾਏ। ਕਿਉਂਕਿ ਦਰਦ ਦੇ ਸਮੇਂ ਰਿਆਜ ਕਰਦੇ ਰਹਿਣ ਨਾਲ ਦਮ-ਖਮ ਵਿਚ ਵਾਧਾ ਹੁੰਦਾ ਹੈ।

ਹਸਤ ਸਾਧਨਾ ਕਰਦੇ ਸਮੇਂ ਘਟ ਲੈਅ ਵਿਚ ਜੋਰ੍ਜੋਰ ਨਾਲ ਬੋਲਾਂ ਨੂੰ ਵਜਾ ਕੇ ਨਿਕਾਲਣਾ ਚਾਹਿਦਾ ਹੈ। ਤਾ ਕਿ ਜਦੋਂ ਬੋਲਾਂ ਨੂੰ ਤਿਆਰੀ ਨਾਲ ਵਜਾਇਆ ਜਾਏ ਤਾਂ ਬੋਲਾਂ ਵਿਚ ਵਜਨ ਅਤੇ ਸਫਾਈ ਬਰਕਰਾਰ ਰਹੇ।ਸ਼ੁਰੂ ਵਿੱਚ ਤਬਲੇ ਦਾ ਰਿਆਜ ਤੀਨ ਤਾਲ ਵਿਚ ਹੀ ਕਰਨਾ ਚਾਹਿਦਾ ਹੈ ਅਤੇ ਉਸ ਵਿਚ ਹੀ ਕਾਇਦੇ, ਰੇਲੇ, ਗਤਾਂ, ਟੁਕੜੇ ਅਤੇ ਪਰਨਾ ਦਾ ਅਭਿਆਸ ਕਰਨਾ ਚਾਹਿਦਾ ਹੈ। ਤੀਨ ਤਾਲ ਵਿਚ ਜਦੋਂ ਸਾਰੀਆਂ ਚੀਜਾਂ ਦਾ ਅਭਿਆਸ ਹੋ ਜਾਏ ਤਾਂ ਦੂਜਿਆਂ ਤਾਲਾਂ ਵਿਚ ਹੀ ਇਨ੍ਹਾਂ ਕਾਇਦਿਆਂ ਨੂੰ ਹਿਸਾਬ ਨਾਲ ਬਣਾ ਕੇ ਅਭਿਆਸ ਕਰਨਾ ਚਾਹਿਦਾ ਹੈ। ਪਰ ਕਾਇਦਾ ਇਸ ਤਰ੍ਹਾਂ ਬਣਾਇਆ ਜਾਏ ਤਾਕਿ ਉਸ ਦਾ ਮੂਲ ਰੂਪ ਨਾ ਬਿਗੜੇ।

ਹਸਤ ਸਾਧਨਾ ਹਮੇਸ਼ਾ ਵੱਡੇ ਮੂੰਹ ਵਾਲੇ ਤਬਲੇ ਤੇ ਕਰਨੀ ਚਾਹਿਦੀ ਹੈ। ਜਿਸ ਦਾ ਮੂੰਹ ਘਟੋ ਘੱਟ 6 ਤੋਂ 8 ਇੰਚ ਦਾ ਹੋਵੇ। ਇਸ ਨਾਲ ਹੱਥ ਵਿਚ ਤਾਕਤ ਅਤੇ ਬੋਲਾਂ ਵਿਚ ਭਰਾਵਟ ਆਉਂਦੀ ਹੈ। ਇਸ ਵੱਡੇ ਮੂੰਹ ਵਾਲੇ ਤਬਲੇ ਨਾਲ ਡੱਗਾ ਵੀ ਵੱਡੇ ਮੂੰਹ ਵਾਲਾ ਹੋਵੇ ਅਤੇ ਥੋੜਾ ਮੋਟੇ ਚਮੜੇ ਦਾ ਹੋਵੇ, ਤਾਕਿ ਜਦੋਂ ਸਟੇਜ ਤੇ ਵਜਾਇਆ ਜਾਏ ਤਾਂ ਬੜੇ ਆਰਾਮ ਨਾਲ ਤਬਲਾ ਵਾਦਨ ਕੀਤਾ ਜਾ ਸਕਦਾ ਹੈ। ਤਬਲੇ ਜਾਂ ਪਖਾਵਜ ਦੇ ਰਿਆਜ ਵਾਸਤੇ ਸਵੇਰੇ ਦਾ ਸਮਾਂ ਹੀ ਉਤਮ ਮਨਿਆ ਗਿਆ ਹੈ। ਰਿਆਜ ਕਰਨ ਵੇਲੇ ਹੱਥ ਅਤੇ ਮੂੰਹ ਦੀਆਂ ਮੁਦਰਾਵਾਂ ਨਾ ਬਿਗੜਨ ਇਸ ਵਾਸਤੇ ਸ਼ੀਸੇ ਦੇ ਸਾਹਮਣੇ ਬੈਠ ਕੇ ਰਿਆਜ ਕਰਨਾ ਚਾਹਿਦਾ ਹੈ। ਤਬਲੇ ਤੇ ਹੱਥ ਰੱਖਦੇ ਸਮੇਂ ਇਹ ਧਿਆਨ ਰਹੇ ਕਿ ਸਜੇ ਹੱਥ ਦਾ ਅੰਗੂਠਾ ਗਜਰੇ ਤੋਂ ਨੀਚੇ ਨਾ ਜਾਏ ਤੇ ਨਾ ਹੀ ਉਹ ਖੱੜਾ ਰਹੇ। ਅੰਗੂਠੇ ਨੂੰ ਹੱਥ ਦੀ ਉਚਾਈ ਦੇ ਬਰਾਬਰ ਹੀ ਰੱਖਣਾ ਚਾਹਿਦਾ ਹੈ। ਹੱਥ ਦੀ ਛੋਟੀ ਉਂਗਲੀ ਮੁੜਨੀ ਨਹੀਂ ਚਾਹਿਦੀ, ਸਿਧੀ ਰਹਿਣੀ ਚਾਹਿਦੀ ਹੈ। ਖੱਬੇ ਹੱਥ ਦੇ ਬਾਰੇ ਵੀ ਕੁਝ ਧਿਆਨ ਰੱਖਣ ਵਾਲੀਆਂ ਗੱਲਾ ਹਨ ਜਿਸ ਤਰ੍ਹਾਂ ਪਹਿਲੀ ਅਤੇ ਦੂਜੀ ਉਂਗਲੀ ਦੀ ਚਾਲ ਬਰਾਬਰ ਰਹਿਣੀ ਚਾਹਿਦੀ ਹੈ। ਖੱਬੇ ਹੱਥ ਦੀ ਕਲਾਈ ਨੂੰ ਢੀਲਾ ਛੋੜ ਕੇ ਅਤੇ ਦਬਾਅ ਕੇ ਡੱਗੇ ਦੀ ਗੂੰਜ ਨੂੰ ਘੱਟ੍ਵੱਧ ਕੀਤਾ ਜਾ ਸਕਦਾ ਹੈ। ਕਈ ਤਬਲਾ ਵਾਦਕ ਖੱਬੇ ਹੱਥ ਦੀ ਕਲਾਈ ਨੂੰ ਡੱਗੇ ਉੱਤੇ ਘਿਸ ਕੇ ਅਵਾਜ ਕੱਢਦੇ ਹਨ, ਜੋ ਕਿ ਗਲਤ ਢੰਗ ਹੈ, ਕਿਉਂਕਿ ਇਸ ਨਾਲ ਹੱਥ ਤੇ ਗੱਟੇ ਬਣ ਜਾਂਦੇ ਹਨ। ਰਿਆਜ ਕਰਨ ਵੇਲੇ ਚੋਂਕੜੀ ਮਾਰ ਕੇ ਅੱਛੇ ਵਿਚਾਰ ਅਤੇ ਅੱਛੀ ਭਾਵਨਾ ਨਾਲ ਬੈਠਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਚੀਜਾ ਦਾ ਪ੍ਰਭਾਵ ਕਲਾ ਤੇ ਵੀ ਪੈਂਦਾ ਹੈ। ਤਬਲਾ ਇਕ ਸੁਰ ਦਾ ਸਾਜ ਹੈ, ਰਿਆਜ ਕਰਨ ਵੇਲੇ ਧਿਆਨ ਰਹੇ ਕਿ ਤਬਲੇ ਦੀ ਆਸ ਬੰਦ ਨਾ ਹੋਵੇ। ਇਸ ਤਰ੍ਹਾਂ ਉਪਰ ਲਿਖਿਆਂ ਗੱਲਾਂ ਤੇ ਧਿਆਨ ਦੇ ਕੇ ਇਕ ਤਬਲਾ ਵਾਦਕ ਹੱਸਤ੍ਸਾਧਨਾ ਨਾਲ ਇਕ ਅੱਛਾ ਕਲਾਕਾਰ ਬਣ ਸਕਦਾ ਹੈ ਜਿਸਦਾ ਸੰਗੀਤ ਵਿਚ ਬਹੁਤ ਮੱਹਤਵ ਹੈ।

**Assignment Topic**

I. ਸੰਗੀਤ ਵਿਚ ਹਸਤ੍ਸਾਧਨਾ ਦਾ ਕੀ ਮਹੱਤਵ ਹੈ?

II. ਸੰਗੀਤ ਵਿਚ ਹਸਤ੍ਸਾਧਨਾ ਦਾ ਕੀ ਢੰਗ ਹੈ?

**MCQs**

i) ਜੇਕਰ ਤਾਲੀਮ ਬੀਜ ਹੈ ਤੇ ਰਿਆਜ ਉਸ ਬੀਜ ਨੂੰ ਪਰਿਫੁਲਿਤ ਕਰਨ ਵਾਸਤੇ ਕਿਸ ਤਰ੍ਹਾਂ ਕੰਮ ਕਰਦਾ ਹੈ?
(ੳ) ਪਾਣੀ (ਅ) ਖਾਦ (ੲ) ਦਵਾਈ (ਸ) ਖਾਦ੍ਪਾਣੀ

ii) ਸਕੂਲੀ ਪੜਾਈ ਤੋਂ ਬਾਅਦ ਕਿੰਨੇ ਸਾਲਾਂ ਵਿਚ ਐਮ੍ਏ੍ ਹੁੰਦੀ ਹੈ?
(ੳ) 4 (ਅ) 3 (ੲ) 5 (ਸ) 6

iii) ਹਸਤ੍ਸਾਧਨਾ ਵਿਚ ਇਕ ਚੀਜ ਨੂੰ ਘਟ੍ਘਟ ਕਿੰਨੀ ਦੇਰ ਵਜਾਉਣਾ ਚਾਹਿਦਾ ਹੈ?
(ੳ) 2 ਘੰਟੇ (ਅ) ਅੱਧਾ ਘੰਟਾ (ੲ) 1 ਘੰਟਾ (ਸ) 15 ਮਿੰਟ

iv) ਹਸਤ ਸਾਧਨਾ ਕਰਨ ਵੇਲੇ ਬੋਲਾਂ ਨੂੰ ਕਿਸ ਤਰ੍ਹਾਂ ਵਜਾਉਣਾ ਚਾਹਿਦਾ ਹੈ?
(ੳ) ਹੋਲੀ ਹੋਲੀ (ਅ) ਜੋਰ ਨਾਲ (ੲ) ਤੇਜੀ ਨਾਲ

v) ਹਸਤ ਸਾਧਨਾ ਵਿਚ ਸੁਰ ਸੁਰੂ ਵਿਚ ਕਿਸ ਤਾਲ ਦਾ ਰਿਆਜ ਕਰਨਾ ਚਾਹਿਦਾ ਹੈ?
(ੳ) ਰੂਪਕ (ਅ) ਦਾਦਰਾ (ੲ) ਤਿੰਨਤਾਲ (ਸ) ਝਪਤਾਲ

vi) ਹਸਤ ਸਾਧਨਾ ਵਿਚ ਰਿਆਜ ਕਰਨ ਵੇਲੇ ਤਬਲੇ ਦਾ ਮੂੰਹ ਕਿੰਨਾ ਵਡਾ ਹੋਣਾ ਚਾਹਿਦਾ ਹੈ?
(ੳ) 45 (ਅ) 56(ੲ) 57 (ਸ) 68

vii) ਹਸਤ ਸਾਧਨਾ ਵਾਸਤੇ ਰਿਆਜ਼ ਕਰਨ ਦਾ ਉਤਮ ਸਮਾਂ ਕਿਹੜਾ ਮਨਿਆ ਗਿਆ ਹੈ?
(ੳ) ਰਾਤ (ਅ) ਸ਼ਾਮ (ੲ) ਸਵੇਰੇ (ਸ) ਦੁਪਹਿਰ

viii) ਤਬਲੇ ਦੇ ਰਿਆਜ ਵਿਚ ਖੱਬੇ ਤਬਲੇ ਜਾਂ ਡੁੱਗੇ ਤੇ ਰਿਆਜ ਵਾਸਤੇ ਕਿਹੜੀ ਉਂਗਲੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ?
(ੳ) ਪਹਿਲੀ ਦੂਜੀ (ਅ) ਪਹਿਲੀ ਤੀਜੀ (ੲ) ਦੂਜੀ ਤੀਜੀ

ix) ਰਿਆਜ਼ ਕਰਨ ਵੇਲੇ ਅਗਰ ਹੱਥਾਂ ਵਿਚ ਤੇ ਮੋਡਿਆਂ ਵਿਚ ਦਰਦ ਹੋਵੇ ਤਾਂ ਹੋਰ ਰਿਆਜ਼ ਕਰਨ ਨਾਲ ਕੀ ਹੁੰਦਾ ਹੈ?
(ੳ) ਦਰਦ ਵੱਧ ਜਾਂਦੀ ਹੈ। (ਅ) ਦਮ ਖਮ ਵਧਦਾ ਹੈ।
(ੲ) ਹੱਥ ਰੁੱਕ ਜਾਂਦਾ ਹੈ । (ਸ) ਸਿਹਤ ਦਾ ਨੁਕਸ਼ਾਨ ਹੁੰਦਾ ਹੈ।

x) ਹਸਤ ਸਾਧਨਾ ਕਰਨ ਵੇਲੇ ਅਸੀ ਸ਼ੀਸ਼ੇ ਅੱਗੇ ਕਿਉਂ ਬੈਠਦੇ ਹਾਂ?
(ੳ) ਤਬਲਾ ਦੇਖਣ ਵਾਸਤੇ (ਅ) ਆਪਣੀ ਸ਼ਕਲ ਦੇਖਣ ਵਾਸਤੇ
(ੲ) ਅਪਣੀਆਂ ਮੁਦਰਾਵਾਂ ਨੂੰ ਦੇਖਣ ਵਾਸਤੇ

**ਉੱਤਰ :**i)(ਸ)ii)(ੲ)iii)(ੲ)iv)(ਅ)v)(ੲ)vi)(ਸ)vii)(ੲ)viii)(ੳ)ix)(ਅ)x)(ੲ)

**BIBLIOGRAPHY**


i) ਗੁਰਮਤਿ ਸੰਗੀਤ : ਪ੍ਰਬੰਧ ਤੇ ਪ੍ਰਸਾਰ, ਡਾ. ਗੁਰਨਾਮ ਸਿੰਘ

ii) ਵਾਦਨ ਸਾਗਰ (ਭਾਗ ਪਹਿਲਾ), ਕੰਵਰ ਮ੍ਰਿਗਿੰਦਰ ਸਿੰਘ

iii) ਸੰਗੀਤ ਅਭਿਆਸ ਅੰਕ (1984), ਬਾਲ ਕ੍ਰਿਸ਼ਨ ਗਰਗ

# ਗੁਰਮਤਿ ਸੰਗੀਤ ਵਿਚ ਤਾਲ ਦਾ ਮਹੱਤਵ

**ਡਾ. ਪਰਮਜੀਤ ਸਿੰਘ**

ਸੰਗੀਤ ਵਿਚ ਜੋ ਸਮਾਂ ਬਤੀਤ ਹੁੰਦਾ ਹੈ, ਉਸ ਦੀ ਗਤੀ ਨੂੰ ਲੈਅ ਕਹਿੰਦੇ ਹਨ। ਉਸ ਲੈਅ ਨੂੰ ਜਦੋਂ ਅਸੀਂ ਮਾਤਰਾ ਵਿਚ ਵੰਡ ਕੇ ਉਨ੍ਹਾਂ ਨੂੰ ਕੋਈ ਵਾਸਤੇ ਦੇ ਜਾਂ ਪਖਾਵਜ ਦੇ ਬੋਲ ਦੇਂਦੇ ਹਾਂ, ਤੇ ਉਸ ਨੂੰ ਅਸੀਂ ਤਾਲ ਕਹਿੰਦੇ ਹਾਂ। ਇਸ ਵਿਚ 5 ਮਾਤਰਾਂ ਤੋਂ ਲੈ ਕੇ 28 ਮਾਤਰਾਂ ਤਕ ਦੇ ਤਾਲ ਹੋ ਸਕਦੇ ਹਨ।

ਗੁਰਮਤਿ ਸੰਗੀਤ ਅਪਣੇ ਆਪ ਵਿਚ ਇਕ ਬਹੁਤ ਵਿਸਤਰਿਤ ਸ਼ਬਦ ਹੈ। ਗੁਰਮਤਿ ਸੰਗੀਤ ਵਿਚ ਤਾਲ ਦੇ ਮਹਤਵ ਨੂੰ ਜਾਣਨ ਵਾਸਤੇ ਅਸੀਂ ਗੁਰਮਤਿ ਸੰਗੀਤ ਦੀਆਂ ਅਲਗ ਅਲਗ ਸ਼ੈਲੀਆਂ ਤੇ ਵਿਚਾਰ ਕਰਾਂਗੇ ਅਤੇ ਦੇਖਾਂਗੇ ਕਿ ਇਨ੍ਹਾਂ ਸ਼ੈਲੀਆਂ ਵਿਚ ਤਾਲ ਦਾ ਕੀ ਮਹੱਤਵ ਹੈ। ਗੁਰਮਤਿ ਸੰਗੀਤ ਵਿਚ ਤਾਲ ਦਾ ਪ੍ਰਬੰਧ ਜਾਂ ਸੰਗਤ ਕਰਨ ਦਾ ਢੰਗ ਹਿਦੁੰਸਤਾਨੀ ਸੰਗੀਤ ਨਾਲੋਂ ਕੁਝ ਨਵੇਕਲਾ ਹੈ। ਗੁਰਮਤਿ ਸੰਗੀਤ ਵਿਚ ਗੁਰਬਾਣੀ ਕੀਰਤਨ ਨਾਲ ਜਦੋਂ ਤਾਲ ਵਜਾਇਆ ਜਾਂਦਾ ਹੈ ਤੇ ਇਕ ਅਦੱਬ ਅਤੇ ਭੈ ਨੂੰ ਮਨ ਵਿਚ ਰੱਖ ਕੇ ਵਜਾਇਆ ਜਾਂਦਾ ਹੈ। ਤਾਕਿ ਸ਼ਬਦ ਜਦੋਂ ਸਰੋਤਾ ਸੁਣੇ ਤਾਂ ਉਸ ਦੀ ਸੁਰਤ ਸ਼ਬਦ ਨਾਲੋਂ ਨਾ ਟੁਟੇ। ਗੁਰਬਾਣੀ ਕੀਰਤਨ ਵਿਚ ਸਭ ਤੋਂ ਪਹਿਲਾਂ ਅਸੀਂ ਕੀਰਤਨ ਚੋਕੀ ਵਿਚ ਉਸਦੇ ਅਲਗ ਅਲਗ ਅੰਗਾਂ ਦੇ ਵਿਚ ਤਾਲ ਦੇ ਮਹੱਤਵ ਨੂੰ ਦੇਖਾਂਗੇ।

(1) **ਲਹਿਰਾ ਜਾਂ ਸ਼ਾਨ :** ਕੀਰਤਨ ਚੋਂਕੀ ਵਿਚ ਸਭ ਤੋਂ ਪਹਿਲਾਂ ਰਾਗੀ ਸਿੰਘ ਆਪਣੇ ਸਾਜਾਂ ਨੂੰ ਸੁਰ ਕਰਦੇ ਹਨ। ਫਿਰ ਇਕ ਸਿੰਘ ਅਪਣੇ ਸਾਜ ਤੇ ਸਮੇਂ ਦੇ ਰਾਗ ਵਿਚ ਸ਼ਾਨ ਵਜਾਉਂਦਾ ਹੈ ਤੇ ਜੋੜੀ ਵਾਲਾ ਸਿੰਘ ਕੋਈ ਤਾਲ ਵਜਾਕੇ ਉਸ ਵਿਚ ਵਿਭਿੰਨ ਲੈਅਕਾਰੀਆਂ ਵਿਚ ਅਪਣੇ ਹੁਨਰ ਦਾ ਪ੍ਰਗਟਾਵਾ ਕਰਦਾ ਹੈ, ਇਸ ਸਮੇਂ ਕੋਈ ਸ਼ਬਦ ਗਾਇਨ ਨਹੀਂ ਕੀਤਾ ਜਾਂਦਾ ਇਸ ਤਰਾਂ ਜੋੜੀ ਵਾਲਾ ਤਾਲ ਨੂੰ ਵਿਸਤਾਰ ਨਾਲ 45 ਮਿੰਟ ਤਕ ਵਜਾਉਂਦਾ ਹੈ ਜਿਸ ਨਾਲ ਕੀਰਤਨ ਲਈ ਇਕ ਢੁਕਵਾਂ ਸੰਗੀਤਕ ਮਾਹੋਲ ਸਿਰਜਿਆ ਜਾਂਦਾ ਹੈ। ਅਤੇ ਸ਼ਰੋਤੇ ਕੀਰਤਨ ਸੁਣਨ ਵਾਸਤੇ ਇਕਰਾਰ ਚਿਤ ਹੋਂਦੇ ਹਨ। ਇਸ ਤਰ੍ਹਾਂ ਚੌਕੀ ਦੇ ਇਸ ਅੰਗ ਵਿਚ ਤਾਲ ਦਾ ਇਕ ਵਿਸ਼ੇਸ਼ ਮਹੱਤਵ ਹੈ।

(2) **ਮੰਗਲਾਚਰਣ** : ਜਿਸ ਤਰ੍ਹਾਂ ਭਾਰਤੀ ਸ਼ਾਸਤਰੀ ਸੰਗੀਤ ਵਿਚ ਵਡਾ ਖਿਆਲ ਗਾਇਆ ਜਾਂਦਾ ਹੈ ਅਤੇ ਉਸ ਨਾਲ ਤਬਲਾ ਵਾਦਕ ਵਿਲੰਬਿਤ ਲੈਅ ਵਿਚ ਕੋਈ ਤਾਲ ਵਜਾਉਂਦਾ ਹੈ ਉਸੀ ਤਰ੍ਹਾਂ ਮੰਗਲਾਚਰਣ ਜਾਂ ਡੰਡਉਤ ਗਾਇਨ ਸਮੇਂ ਕੋਈ ਸਲੋਕ ਜਾਂ ਦੋਹਰਾ ਲੈ ਕੇ ਉਸ ਨੂੰ ਕਿਸੀ ਵਿੰਲਬਿੰਤ ਤਾਲ ਵਿਚ ਗਾਇਆ ਜਾਂਦਾ ਹੈ, ਜਿਸ ਵਿਚ ਜੋੜੀ ਵਾਲਾ ਵਿਲੰਬਿੰਤ ਇਕ ਤਾਲੁ, ਤਿੰਨਤਾਲ ਜਾਂ ਝੂਮਰਾ ਆਦਿ ਤਾਲਾਂ ਵਿਚ ਜੋੜੀ ਉਤੇ ਠੇਕਾ ਲਗਾਂਦਾ ਹੈ, ਇਸ ਤਰ੍ਹਾਂ ਕੀਰਤਨ ਦਾ ਇਕ ਮਹੋਲ ਬਣਦਾ ਰੁ ਅਤੇ ਜੋੜੀ ਵਜਾਉਣ ਵਾਲੇ ਦੀ ਕਾਬਲਿਅਤ ਦਾ ਵੀ ਪਤਾ ਲਗਦਾ ਹੈ।

(3) **ਰਾਗ ਵਿਚ ਸ਼ਬਦ ਗਾਇਨ :** ਮੰਗਲਾਚਰਣ ਤੋਂ ਬਾਦ ਰਾਗੀ ਸਿੰਘ ਸਮੇਂ ਦੇ ਰਾਗ ਵਿਚ ਕੋਈ ਸ਼ਬਦ ਦੀ ਬੰਦਿਸ਼ ਦਾ ਗਾਇਨ ਕਰਦੇ ਹਨ। ਇਹ ਬੰਦਿਸ਼ ਤਿੰਨਤਾਲ ਇਕਤਾਲ ਜਾਂ ਰੂਪਕ ਆਦਿ ਤਾਲ ਵਿਚ ਜਿਆਦਾ ਸੁਣਨ ਨੂੰ ਮਿਲਦੀ ਹੈ। ਰਾਗੀ ਸਿੰਘ ਜਦੋਂ ਸ਼ਬਦ ਦੇ ਅੰਤਰੇ ਤੋਂ ਬਾਦ ਸਥਾਈ ਤੇ ਆਂਦੇ ਹਨ, ਉਦੋਂ ਜੋੜੀ ਵਾਲਾ ਉਸ ਤਾਲ ਵਿਚ ਇਕ ਜਾਂ ਦੋ ਆਵਰਤਨ ਦੇ ਕੋਈ ਬੋਲ ਜਾਂ ਛੋਟਾ ਜਿਹਾ ਰੇਲਾ ਵਜਾਕੇ ਤਿਹਾਈ ਲਗਾ ਦਿੰਦਾ ਹੈ, ਜਿਸ ਨਾਲ ਰਾਗੀ ਸਿੰਘ ਵਿਚ ਆਪਸ ਵਿਚ ਇਕ ਅਛਾ ਤਾਲਮੇਲ ਬਣ ਜਾਂਦਾ ਹੈ। ਕਈ ਵਾਰੀ ਰਾਗੀ ਸਿੰਘ ਧਰੂਪਦ ਜਾਂ ਧਮਾਰ ਵਿਚ ਵੀ ਸ਼ਬਦ ਗਾਇਨ ਕਰਦੇ ਹਨ ਜਿਸ ਨਾਲ ਜੋੜੀ ਵਾਲਾ ਜੋੜੀ ਤੇ ਖੁਲੇ ਬੋਲਾਂ ਦੇ ਪ੍ਰਯੋਗ ਕਰਕੇ ਚਾਰਤਾਲ, ਧਮਾਰ ਜਾਂ ਸੂਲਤਾਲ ਆਦਿ ਤਾਲਾਂ ਵਜਾਕੇ ਸੰਗਤ ਕਰਦਾ ਹੈ।

ਗੁਰਮਤਿ ਸੰਗੀਤ ਵਿਚ ਗੁਰਬਾਣੀ ਕੀਰਤਨ ਨਾਲ ਜੋੜੀ ਤੇ ਸੰਗੀਤ ਕਰਨ ਦਾ ਢੰਗ ਭਾਰਤੀ ਸੰਗੀਤ ਨਾਲ ਸੰਗਤ ਕਰਨ ਤੋਂ ਵਿਲਖਣ ਹੈ ਗੁਰਬਾਣੀ ਕੀਰਤਨ ਵਿਚ ਤਾਲ ਵਜਾਉਂਦੇ ਸਮੇਂ ਇਹ ਧਿਆਨ ਰਖਣਾ ਪੈਂਦਾ ਹੈ ਕਿ ਸ਼ਬਦ ਦੀ ਨਿਰੰਤਰਤਾ ਵਿਚ ਵਿਘਨ ਨ ਪਵੇ ਅਤੇ ਸਰੋਤੇ ਦੀ ਇਕਾਗਰਤਾ ਭੰਗ ਨਾ ਹੋਵੇ।

**(4) ਪਉੜੀ ਲਗਾਉਣਾ :** ਸ਼ਬਦ ਕੀਰਤਨ ਚੌਂਕੀ ਦੇ ਅੰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਂਗ ਵਿਚੋਂ ਸਮੇਂ ਅਨੁਸਾਰ ਸਲੋਕਾਂ ਦਾ ਗਾਇਨ ਕਰਕੇ ਪਉੜੀ ਲਗਾਈ ਜਾਂਦੀ ਹੈ ਜਿਸ ਨਾਲ ਪਉੜੀ ਤਾਲ ਦਾ ਠੇਕਾ ਲਗਾਇਆ ਜਾਂਦਾ ਹੈ। ਪਉੜੀ ਦਾ ਠੇਕਾ ਸਿਰਫ ਗੁਰਮਤਿ ਸੰਗੀਤ ਵਿਚ ਹੀ ਲਗਾਇਆ ਜਾਂਦਾ ਰੁ (ਬਸੰਤ ਵਿਚ ਜਦੋਂ ਰਾਗੀ ਸਿੰਘ ਪਉੜੀ ਦਾ ਗਾਇਨ ਕਰਦੇ ਹਨ ਉਦੋਂ ਪਉੜੀ ਦੇ ਠੇਕੇ ਦੇ ਬੋਲ ਕੁਝ ਅਲਗ ਹੁੰਦੇ ਨੇ ਜਿਸ ਕਰਕੇ ਤਾਲ ਦੀ ਮਹਤਤਾ ਗੁਰਮਤਿ ਸੰਗੀਤ ਵਿਚ ਹੋਰ ਵੀ ਵਧ ਜਾਂਦੀ ਹੈ।

**ਆਸਾ ਦੀ ਵਾਰ ਵਿਚ ਤਾਲ ਦੀ ਮਹੱਤਤਾ**

ਆਸਾ ਦੀ ਵਾਰ ਦੀ ਬਾਣੀ ਜਿਸ ਦਾ ਗਾਇਨ ਲਗਭਗ ਸਾਰੇ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ, ਆਪਣੇ ਆਪ ਵਿਚ ਇਕ ਅਲੱਗ ਪਹਿਚਾਨ ਰਖਦੀ ਹੈ। ਇਸ ਦੇ ਗਾਇਨ ਵਿਚ ਜੋ ਛੰਤ ਗਾਇਆ ਜਾਂਦਾ ਹੈ, ਉਹ ਅਲਗ ਅਲਗ ਤਾਲਾਂ ਵਿਚ ਗਾਇਆ ਜਾਂਦਾ ਹੈ ਜਿਸ ਤਰਾਂ ਇਕਤਾਲ, ਤਿੰਨਤਾਲ, ਰੂਪਕ, ਦਾਦਰਾ ਜਾਂ ਕਹਿਰਵਾ। ਉਸ ਤੋਂ ਬਾਦ ਜਦੋਂ ਸਲੋਕ ਪੜਿਆ ਜਾਂਦਾ ਹੈ ਉਸ ਵਕਤ ਵੀ ਜੋੜੀ ਵਾਲਾ ਪਉੜੀ ਦੇ ਬੋਲਾਂ ਨੂੰ ਵਿਲੰਬਿਤ ਲੈਅ ਵਿਚ ਵਜਾਂਦਾ ਹੈ, ਅੰਤ ਵਿਚ ਪਉੜੀ ਦਾ ਗਾਇਨ ਕਰਨ ਦਾ ਆਦੇਸ਼ ਟੁੰਡੇ ਅਸਰਾਜੇ ਦੀ ਧੁਨੀ ਤੇ ਗਾਇਨ ਦਾ ਹੈ ਅਤੇ ਨਾਲ ਪਉੜੀ ਤਾਲ ਦਾ ਠੇਕਾ ਵਜਾਇਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਤਾਲਾਂ ਦਾ ਵਾਦਨ ਭਾਰਤੀ ਜਾਂ ਦੱਖਣੀ ਸੰਗੀਤ ਵਿਚ ਸੁਣਨ ਨੂੰ ਨਹੀਂ ਮਿਲਦਾ।

**ਪੜਤਾਲ ਗਾਇਨ ਵਿਚ ਤਾਲ ਦਾ ਮਹੱਤਵ**

ਗੁਰਮਤਿ ਸੰਗੀਤ ਵਿਚ ਪੜਤਾਲ ਗਾਇਨ ਦੀ ਇਕ ਨਿਵੇਕਲੀ ਪਰੰਪਰਾ ਹੈ। ਇਸ ਦੇ ਅੰਤਰੇ ਅਲੱਗ ਅਲੱਗ ਤਾਲਾਂ ਵਿਚ ਗਾਏ ਜਾਂਦੇ ਹਨ, ਪਰ ਸਥਾਈ ਦੀ ਤਾਲ ਇਕ ਹੀ ਰਹਿੰਦੀ ਹੈ (ਹਰ ਵਾਰੀ ਅੰਤਰਾ ਗਾਉਣ ਤੋਂ ਬਾਦ ਤਿਹਾਈ ਲਗਾ ਕੇ ਫਿਰ ਸਥਾਈ ਨੂੰ ਸਥਾਈ ਅਗਰ ਦੀ ਹੀ ਤਾਲ ਵਿਚ ਗਾਇਆ ਜਾਂਦਾ ਹੈ। ਜਿਸ ਤਰ੍ਹਾਂ ਸਕਾਈ ਤਿੰਨਤਾਲ ਵਿਚ ਹੈ ਤਾਂ ਹਰ ਵਾਰੀ ਪੜਤਾਲ ਦੇ ਅੰਤਰੇ ਅਲਗ ਅਲਗ ਤਾਲਾਂ ਵਿਚ ਗਾ ਕੇ ਸਥਾਈ ਨੂੰ ਤਿੰਨਤਾਲ ਵਿਚ ਹੀ ਗਾਇਆ ਜਾਏਗਾ। ਪੜਤਾਲ ਵਿਚ ਘਟੋ ਘੱਟ 5 ਅਲਗ ਮਾਤਰਾਂ ਦੀਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ ਗਾਇਨ ਸ਼ੈਲੀ ਅਤੇ ਇਸ ਨਾਲ ਅਲਗ੍ਅਲਗ ਤਾਲਾਂ ਦਾ ਵਾਦਨ ਅਪਣੇ ਆਪ ਵਿਚ ਇਕ ਗੁਰਮਤਿ ਸੰਗੀਤ ਦਾ ਨਿਰਾਲਾਪਨ ਹੈ, ਜੋ ਕਿ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਵਿਚ ਸੁਣਨ ਨੂੰ ਨਹੀਂ ਮਿਲਦਾ।

ਇਸ ਤਰ੍ਹਾਂ ਗੁਰਮਤਿ ਸੰਗੀਤ ਵਿਚ ਹੋਰ ਵੀ ਕਈ ਗਾਇਨ ਸ਼ੈਲੀਆਂ ਹਨ ਜਿਸ ਵਿਚ ਲਾਵਾਂ, ਘੋੜੀਆਂ, ਅਲਾਹੁਣੀਆਂ ਅਤੇ ਧੁਰਪਦ ਗਾਇਨ ਕੀਤਾ ਜਾਂਦਾ ਹੈ (ਇਨ੍ਹਾਂ ਅਲਗ ਅਲਗ ਸ਼ੈਲੀਆਂ ਨਾਲ ਅਲਗ ਅਲਗ ਤਾਲਾਂ ਦਾ ਵਾਦਨ ਕਰਨ ਦਾ ਅਲਗ ਅਲਗ ਵਿਧਾਨ ਹੈ) ਜਿਸ ਤਰਾਂ ਲਾਵਾਂ ਨਾਲ ਰੂਪਕ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ, ਘੋੜੀਆਂ ਵੀ ਜਿਆਦਾਤਰ ਰੂਪਕ ਤਾਲ ਵਿਚ ਗਾਈ ਜਾਂਦੀਆਂ ਹਨ (ਅਲਾਹੁਣੀਆਂ) ਦਾ ਕੀਰਤਨ ਸੂਲਫਾਖ਼ਤਾ ਤਾਲ ਵਿਚ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਗੁਰਮਤਿ ਸੰਗੀਤ ਵਿਚ ਜੋ ਅਲਗ ਅਲਗ ਗਾਇਨ ਸ਼ੈਲੀਆਂ ਹਨ ਉਨ੍ਹਾਂ ਨਾਲ ਅਲੱਗ ਅਲੱਗ ਤਾਲਾਂ ਦਾ ਪ੍ਰਯੋਗ ਕਰਕੇ ਗੁਰਬਾਣੀ ਕੀਰਤਨ ਇਕ ਆਪਣੀ ਅਲੱਗ ਪਹਿਚਾਨ ਰੱਖਦਾ ਹੈ। ਗੁਰਮਤਿ ਸੰਗੀਤ ਵਿਚ ਜਿਆਦਾਤਰ ਹੇਠ ਲਿਖਿਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਉੜੀ ਤਾਲ, ਸੂਲਫਾਖ਼ਤਾ, ਦਾਦਰਾ, ਰੂਪਕ, ਕਹਿਰਵਾ, ਮਤਤਾਲ, ਅੜਪਤਾਲ, ਰੁਦਰਤਾਲ, ਇਕਤਾਲ, ਦੀਪਚੰਦੀ, ਆੜਾਚਾਰਤਾਲ, ਝਮਰਾ, ਫਰੋਦਸਤੁ, ਪਚੰਮ ਸਵਾਰੀ, ਤਿੰਨਤਾਲ ਅਤੇ ਪੰਜਾਬੀ ਠੇਕਾ

**Assignments**

1. ਕੀਰਤਨ ਚਉਕੀ ਦੇ ਕਿੰਨੇ ਅੰਗ ਹਨ, ਇਨ੍ਹਾਂ ਅੰਗਾਂ ਵਿਚ ਤਾਲ ਦਾ ਕੀ ਮਹੱਤਵ ਹੈ? ਵਿਸਤਾਰ ਨਾਲ ਲਿਖੋ।
2. ਗੁਰਮਤਿ ਸੰਗੀਤ ਦੀਆਂ ਪ੍ਰਮੁੱਖ ਗਾਇਨ ਸ਼ੈਲੀਆਂ ਬਾਰੇ ਲਿਖਦੇ ਹੋਏ ਇਨ੍ਹਾਂ ਵਿਚ ਤਾਲ ਦੇ ਮਹੱਤਵ ਬਾਰੇ ਲਿਖੋ।

**MCQs**

1. ਪਉੜੀ ਤਾਲ ਦੀਆਂ ਕਿੰਨੀਆਂ ਮਾਤਰਾਵਾਂ ਹਨ।

   I 16 II 10 III 8 IV 4

2. ਪੜਤਾਲ ਵਿਚ ਕਿਨਿਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ?

   I 2 II 4 III 3 IV 5

3. ਕੀਰਤਨ ਚੌਂਕੀ ਦੇ ਕਿਨੇ ਅੰਗ ਹੁੰਦੇ ਹਨ?

   I 3 II 4 III 2 IV 5

4. ਕੀਰਤਨ ਚੌਂਕੀ ਦੇ ਪਹਿਲੇ ਅੰਗ ਦਾ ਨਾਂ ਲਿਖੋ?

   I ਪਉੜੀ ਲਗਾਣਾ II ਲਹਿਰਾ ਜਾ ਸ਼ਾਨ

   III ਮੰਗਲਾ ਚਰਣ IV ਰਾਗ ਵਿਚ ਸ਼ਬਦ ਗਾਇਨ ਕਰਨਾ

5. ਕੀਰਤਨ ਚੌਂਕੀ ਦੇ ਮੰਗਲਾ ਚਰਣ ਵਿਚ ਤਾਲ ਨੂੰ ਕਿਸ ਲੈਅ ਵਿਚ ਵਜਾਇਆ ਜਾਂਦਾ ਹੈ।

   I ਮਧਲੈਅ II ਬਿਲੰਬਿਤ ਲੈਅ III ਦਰੁਤ ਲੈਅ

6. ਆਸਾਂ ਦੀ ਵਾਰ ਦੇ ਕਿੰਨੇ ਅਗੇ ਹਨ।

   I 2 II 4 III 3 IV 5

7. ਘੋੜੀਆਂ ਦਾ ਗਾਇਨ ਜਿਆਦਾਤਰ ਕਿਹੜੀ ਤਾਲ ਵਿਚ ਕੀਤਾ ਜਾਂਦਾ ਹੈ।

   I ਤਿੰਨਤਾਲ II ਕਹਿਰਵਾ III ਝਪਤਾਲ IV ਰੂਪਕ

8. ਗੁਰਮਤਿ ਸੰਗੀਤ ਵਿਚ ਘਟ ਤੋਂ ਘਟ ਕਿੰਨੀਆਂ ਮਾਤਰਾਂ ਦੀ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ।

   I 7 II 6 III 4 IV 5

9. ਜੋੜੀ ਉਤੇ ਖੁਲੇ ਬੋਲਾਂ ਦੀ ਕਿਹੜੀ ਤਾਲ ਵਜਾਈ ਜਾਂਦੀ ਹੈ।

   I ਰੂਪਕ II ਕਹਿਰਵਾ III ਚਾਰਤਾਲ IV ਝਪਤਾਲ

10. ਪਚੰਮ ਸਵਾਰੀ ਤਾਲ ਵਿਚ ਕਿਨਿਆਂ ਮਾਤਰਾਂ ਹੁੰਦੀਆਂ ਹਨ।

    I 5 II 10 III 15 IV 6

ਉਤਰ : I IV, II IV, III II, IV II, V II, VI III, VII IV, VIII IV, IX III, X III.

**Bibliography**


1. ਗਰਮਤਿ ਸੰਗੀਤ : ਪ੍ਰਬੰਧ ਤੇ ਪ੍ਰਸਾਰ, ਡਾ. ਗੁਰਨਾਮ ਸਿੰਘ
2. ਕੀਰਤਨ ਸੰਦਰਭ ਤੇ ਸਰੂਪ, ਡਾ. ਦਵਿੰਦਰ ਸਿੰਘ ਵਿਦਿਆਰਥੀ
3. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਪ੍ਰੋ ਤਾਰਾ ਸਿੰਘ
4. ਵਾਦਨ ਸਾਗਰ (ਭਾਗ ਪਹਿਲਾ), ਕਵੰਰ ਮ੍ਰਿਗੇਦਰ ਸਿੰਘ
5. ਗੁਰੂ ਰਾਮਦਾਸ ਰਾਗਰਤਨਾਵਲੀ, ਪ੍ਰੋ ਤਾਰਾ ਸਿੰਘ



**ਡਾ. ਪਰਮਜੀਤ ਸਿੰਘ**

ਤਬਲਾ ਵਾਦਕ (ਰਿਟਾਇਡ)

ਸੰਗੀਤ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

**9815078627**

# ਵਸ਼ਿਸ਼ਟ ਗੁਰਬਾਣੀ ਗਾਇਕ ਭਾਈ ਦੇਵਿੰਦਰ ਸਿੰਘ

### ਨਵਜੋਤ ਕੌਰ ਕਸੇਲ ਪੁਸਤਕ - ਪੰਜਾਬ ਦਾ ਸਮਕਾਲੀ ਸੰਗੀਤ ਵਿੱਚੋਂ

### 1. ਗੁਰਮਤਿ ਵਿੱਚ ਕੀਰਤਨ ਦਾ ਅਦੁੱਤੀ ਮਹੱਤਵ

ਸਮੁੱਚੇ ਭਾਰਤ ਦੇ ਸਾਂਸਕ੍ਰਿਤਕ ਜੀਵਨ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਸਭਿਆਚਾਰ ਅਤੇ ਕਲਾ ਉੱਤੇ ਗੁਰਮਤਿ ਨੇ ਆਪਣੀ ਵਿਸ਼ੇਸ਼ ਛਾਪ ਲਾਈ ਹੈ। ਗੁਰਮਤਿ ਜਾਂ ਸਿੱਖ ਜੀਵਨ ਦਰਸ਼ਨ ਦਾ ਮੁੱਖ ਆਧਾਰ ਅਤੇ ਟੇਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜੋ ਗੁਰਬਾਣੀ ਦਾ ਅਮੋਲਕ ਖ਼ਜ਼ਾਨਾ ਅਤੇ ਅਦੁਤੀ ਭੰਡਾਰ ਹੈ। ਗੁਰਬਾਣੀ ਉਚਕੋਟੀ ਦੀ ਕਾਵਿ-ਰਚਨਾ ਹੈ। ਸੰਗੀਤ ਅਤੇ ਰਾਗ ਨਾਲ ਇਸ ਦਾ ਅਟੁੱਟ ਸੰਬੰਧ ਹੈ। ਗੁਰਬਾਣੀ ਦਾ ਬਹੁਤ ਸਾਰਾ ਭਾਗ ਰਾਗਾਂ ਅਨੁਸਾਰ ਰਚਿਆ ਗਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰਬਾਣੀ ਨੂੰ 31 ਰਾਗਾਂ ਦੇ ਸਿਰਲੇਖਾਂ ਅਧੀਨ ਅੰਕਿਤ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਵਰਗੇ ਪ੍ਰਮੁੱਖ ਗੁਰਮਤਿ ਆਚਾਰੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗਾਂ ਦਾ ਹੀ ਉਲੇਖ ਕਰਦੇ ਹਨ, ਪਰ ਵਰਤਮਾਨ ਕਾਲ ਦੇ ਸੰਗੀਤ ਖੋਜੀਆਂ ਪ੍ਰੋ. ਤਾਰਾ ਸਿੰਘ ਅਤੇ ਡਾ. ਜੋਗਿੰਦਰ ਸਿੰਘ ਬਾਵਰਾ ਨੇ ਇਨ੍ਹਾਂ ਰਾਗਾਂ ਦੀ ਗਿਣਤੀ 65 ਦੇ ਲਗਭਗ ਦੱਸੀ ਹੈ ਜੋ ਸੰਗੀਤ ਦੀ ਕ੍ਰਿਆਤਮਕ ਦ੍ਰਿਸ਼ਟੀ ਤੋਂ ਠੀਕ ਸਿੱਧ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਂ ਵਿੱਚ ਹੋਣਾ ਹੀ ਸਿੱਧ ਕਰਦਾ ਹੈ ਕਿ ਇਸ ਰੱਬੀ ਬਾਣੀ ਦਾ ਆਪਣਾ ਹੀ ਵਿਸ਼ੇਸ਼ ਸੰਗੀਤ ਪ੍ਰਬੰਧ ਅਤੇ ਗਾਇਨ ਵਿਧਾਨ ਹੈ। ਭਾਰਤੀ ਸੰਗੀਤ ਵਿੱਚ ਨਿਸ਼ਚੈ ਹੀ ਗੁਰਮਤਿ ਸੰਸਕ੍ਰਿਤੀ ਨੇ ਕਈ ਪ੍ਰਣਾਲੀਆਂ ਦਾ ਵਾਧਾ ਕੀਤਾ ਹੈ। ਇਨ੍ਹਾਂ ਵਿੱਚੋਂ ਹੀ ਇੱਕ ਵਿਸ਼ੇਸ਼ ਸੰਗੀਤ ਪ੍ਰਣਾਲੀ ਸਿੱਖ ਕੀਰਤਨਕਾਰਾਂ ਜਾਂ ਗੁਰਬਾਣੀ ਗਾਇਕਾਂ ਦੀ ਹੈ, ਜਿਨ੍ਹਾਂ ਦੀ ਨਿਰੰਤਰ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਵਰਤਮਾਨ ਕਾਲ ਤੱਕ ਚਲੀ ਆ ਰਹੀ ਹੈ। ਸਿੱਖ ਪਰੰਪਰਾ ਅਨੁਸਾਰ ਗੁਰਬਾਣੀ ਦੇ ਗਾਇਕਾਂ ਨੂੰ ਰਬਾਬੀ ਜਾਂ ਰਾਗੀ ਕਰਕੇ ਜਾਣਿਆ ਜਾਂਦਾ ਰਿਹਾ ਹੈ। ਰਬਾਬੀ ਪਰੰਪਰਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਮਰਦਾਨਾ ਦੀ ਸੰਤਾਨ ਦਾ ਵਧੇਰੇ ਯੋਗਦਾਨ ਹੈ। ਰਬਾਬ ਅਤੇ ਹੋਰ ਤਾਰਦਾਰ ਸਾਜ਼ਾ ਦੁਆਰਾ ਕੀਰਤਨ ਕਰਨ ਕਾਰਣ ਇਨ੍ਹਾਂ ਨੂੰ ਰਬਾਬੀਆਂ ਦੀ ਸੰਗਿਆ ਦਿੱਤੀ ਗਈ ਹੈ। ਪਰ ਰਾਗੀਆਂ ਦਾ ਵੀ ਉਤਨਾ ਹੀ ਵਡੇਰਾ ਯੋਗਦਾਨ ਹੈ। ਇਹ ਉਹ ਗੁਰੂ ਵਰੋਸਾਏ ਗਾਇਕ-ਜਨ ਸਨ, ਜਿਨ੍ਹਾਂ ਨੂੰ ਗੁਰੂ ਘਰ ਵਲੋਂ ਗੁਰਬਾਣੀ ਨੂੰ ਗਾਉਣ ਦਾ ਆਦੇਸ਼ ਦਿੱਤਾ ਗਿਆ ਸੀ। ਅਨੰਦ ਸਾਹਿਬ ਵਿੱਚ ਗੁਰੂ ਅਮਰਦਾਸ ਜੀ ਦਾ ਕਥਨ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ ॥
ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ ॥

(ਰਾਮਕਲੀ ॥ ) ਅਨੰਦ ਮਹਲਾ

ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ:

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਿਰ ਸੁਖੁ ਘਰਿ ਲੈ ਜਾਇ ॥

ਅਰਥਾਤ ਗੁਰਬਾਣੀ ਦੇ ਗਾਉਣ ਅਤੇ ਹਰੀ ਦਾ ਕੀਰਤਨ ਕਰਨ ਨਾਲ ਅਤੇ ਉਸ ਨੂੰ ਸੁਣਨ ਨਾਲ ਮਨ ਵਿੱਚ ਪ੍ਰਭੂ ਦਾ ਪ੍ਰੇਮ ਉਤਪੰਨ ਹੁੰਦਾ ਹੈ। ਫਲਸਰੂਪ ਮਨ ਦੇ ਸਾਰੇ ਕਲ-ਕਲੇਸ਼ ਦੂਰ ਹੋ ਜਾਂਦੇ ਹਨ ਅਤੇ ਹਿਰਦੇ ਵਿੱਚ ਸਹਿਜ ਅਨੰਦ ਦਾ ਸੁਖਮਈ ਵਾਸਾ ਹੁੰਦਾ ਹੈ।

ਗੁਰੂ ਸਾਹਿਬਾਨ ਦੇ ਇਨ੍ਹਾਂ ਹੁਕਮਾਂ ਦੀ ਪਾਲਣਾ ਵਿੱਚ ਹੀ ਇਨ੍ਹਾਂ ਰਬਾਬੀਆਂ ਅਤੇ ਰਾਗੀਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਜਗਿਆਸੂਆਂ ਅਤੇ ਸੰਸਾਰੀਆਂ ਨੂੰ ਨਾਮ ਅੰਮ੍ਰਿਤ ਦੀ ਵਰਖਾ ਕਰਕੇ ਉਨ੍ਹਾਂ ਦੇ ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ। ਇਹ ਇੱਕ ਪ੍ਰਕਾਰ ਦਾ ਸੰਗੀਤ ਦਾ ਮਾਰਗੀ ਲਕਸ਼ ਹੀ ਸੀ ਜੋ ਇਨ੍ਹਾਂ ਰਾਗੀਆਂ ਅਤੇ ਰਬਾਬੀਆਂ ਨੇ ਆਪਣੀ ਕਲਾ ਸਾਧਨਾ ਦੁਆਰਾ ਨਿਭਾਇਆ। ਮਹਾਨ ਕੋਸ਼ ਵਿੱਚ ਕੀਰਤਨ ਦੀ ਸ਼ਾਬਦਿਕ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ, 'ਗੁਰਮਤਿ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ' ਹੈ "ਕੀਰਤਨ ਨਾਮੁ ਸਿਮਰਤ ਰਹਉ", (ਬਿਲਾਵਨ ਮ:ਪ)

ਰਾਗ ਦੇ ਸੰਬੰਧ ਵਿੱਚ ਨਿਮਨ ਲਿਖਤ ਪਰਿਭਾਸ਼ਾ ਕੀਤੀ ਗਈ ਹੈ, "ਸੰਗੀਤ ਵਿਦਯਾ ਅਨੁਸਾਰ ਸੁਰ-ਪ੍ਰਬੰਧ, ਜਿਸ ਦੇ ਸੁਣਨ ਤੋਂ ਮਨ ਵਿੱਚ ਰਾਗ (ਪ੍ਰੇਮ) ਉਪਜੇ, ਰਾਗ ਦਾ ਮੂਲ ਸ਼ੜਜ, ਰਿਸ਼ਭ, ਗੰਧਾਰ, ਮਾਧਿਅਮ, ਪੰਚਮ, ਧੈਵਤ ਅਤੇ ਨਿਸ਼ਾਦ ਵਿੱਚ ਸੱਤ ਸੁਰ ਹਨ, ਰਾਗ ਨਾਦ ਸਬਦਿ ਸੋਹਣੇ" (ਮ: 3 ਵਾਰ ਬਿਲਾਵਲ).

ਰਾਗੀ ਦੇ ਸ਼ਾਬਦਕ ਅਰਥ ਵੀ ਉਸ ਗਾਇਕ ਦੇ ਹਨ ਜੋ ਰਾਗ ਅਨੁਸਾਰ ਗੁਰਬਾਣੀ ਦਾ ਕੀਰਤਨ ਪ੍ਰੇਮ ਰੰਗ ਵਿੱਚ ਰੰਗ ਕੇ ਕਰਦਾ ਹੈ। 1. ਰਾਗੀ-ਪ੍ਰੇਮੀ 2. ਸੰਗਯਾ-ਰਾਗ (ਸੁਰ ਆਲਾਪ) ਕਰਨ ਵਾਲਾ, ਗਾਯਕ, ਗਵੈਯਾ ਖਾਸ ਕਰਕੇ ਗੁਰਬਾਣੀ ਦਾ ਕੀਰਤਨ ਕਰਨ ਵਾਲਾ।"

ਗੁਰੂ ਸਾਹਿਬਾਨ ਅਤੇ ਸਿੱਖਾਂ ਦੇ ਪ੍ਰਮੁੱਖ ਗੁਰਦੁਆਰਿਆਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ ਕੀਰਤਨ ਕਰਨ ਵਾਲੇ ਗਾਇਕਾਂ ਨੂੰ ਹਜ਼ੂਰੀ ਰਾਗੀ ਹੋਣ ਦਾ ਮਾਣ ਬਖ਼ਸ਼ਿਆ ਗਿਆ ਹੈ। ਇਨ੍ਹਾਂ ਗਾਇਕਾਂ ਦੀ ਸਥਾਪਿਤ ਪਰੰਪਰਾ ਵੀ ਸਿੱਖ ਗੁਰੂ ਸਾਹਿਬਾਨ ਜਿਨੀ ਹੀ ਪੁਰਾਤਨ ਹੈ ਅਤੇ ਇਨ੍ਹਾਂ ਦੀ ਗਾਇਕੀ ਅਤੇ ਗਾਇਨ ਸ਼ੈਲੀ ਦਾ ਨਿਵੇਕਲਾ ਹੀ ਵਿਧੀ ਵਿਧਾਨ ਹੈ। ਗੁਰਮਤਿ ਦੀ ਇਸ ਸੰਗੀਤ ਪਰੰਪਰਾ ਨੇ ਪੰਜਾਬ ਦੇ ਇਸ ਅਧਿਆਤਮਕ ਸੰਗੀਤ ਨੂੰ ਵਿਸ਼ਵ-ਵਿਆਪੀ ਪ੍ਰਸਿੱਧੀ ਤੇ ਮਹਾਨਤਾ ਦਿੱਤੀ ਹੈ।

ਇਸ ਸਿੱਖ ਅਧਿਆਤਮਕ ਸੰਗੀਤ ਪਰੰਪਰਾ ਨਾਲ ਸੰਬੰਧਤ ਵਰਤਮਾਨ ਸਮੇਂ ਦੇ ਇੱਕ ਪ੍ਰਮੁੱਖ ਗਾਇਕ ਅਤੇ ਕੀਰਤਨਕਾਰ ਭਾਈ ਦੇਵਿੰਦਰ ਸਿੰਘ ਦੀ ਕਲਾ ਸਾਧਨਾ ਅਤੇ ਦੇਣ ਬਾਰੇ ਅਗਲੇ ਪੰਨਿਆਂ ਵਿੱਚ ਚਰਚਾ ਕੀਤੀ ਗਈ ਹੈ। ਇਸ ਪ੍ਰਮੁੱਖ ਕੀਰਤਨਕਾਰ ਨੂੰ ਅਸੀਂ ਇਸ ਪਰੰਪਰਾ ਦੇ ਪ੍ਰਤੀਨਿਧ ਗਾਇਕ ਵਜੋਂ ਸੁਣਿਆ ਹੈ, ਜਿਸ ਨੇ ਬਚਪਨ ਤੋਂ ਲੈ ਕੇ ਪ੍ਰੋੜ ਆਯੂ ਤੱਕ ਇਸ ਪਰੰਪਰਾ ਨਾਲ ਸਕਰਮਕ ਰੂਪ ਵਿੱਚ ਆਪਣੇ ਆਪ ਨੂੰ ਜੋੜੀ ਰੱਖਿਆ ਹੈ ਅਤੇ ਆਪਣੇ ਸੰਗੀਤ ਦੇ ਵਿਸ਼ੇਸ਼ ਅਤੇ ਵਿਅਕਤੀਗਤ ਅਨੁਭਵ ਦੁਆਰਾ ਇਸ ਪਰੰਪਰਾ ਨੂੰ ਕੁਝ ਨਵੀਆਂ ਦੇਣਾਂ ਦੇ ਕੇ ਇਸ ਦਾ ਹੋਰ ਵਿਸਥਾਰ ਕੀਤਾ ਹੈ। ਸੰਜੋਗ-ਵਸ ਇਹ ਕੀਰਤਨਕਾਰ ਭਾਰਤ ਦੀ ਸ਼ਾਸਤਰੀ ਗਾਇਕੀ ਅਤੇ ਸੁਗਮ ਸੰਗੀਤ ਦਾ ਵੀ ਵਿਸ਼ਾਲ ਗਿਆਨ ਅਤੇ ਅਨੁਭਵ ਰੱਖਦਾ ਹੈ। ਅਕਾਲ ਪੁਰਖ ਨੇ ਉਸ ਨੂੰ ਇਕ ਮਧੁਰ ਕੰਠ ਅਤੇ ਸੁਰੀਲੀ ਆਵਾਜ਼ ਦੀ ਦਾਤ ਬਖ਼ਸ਼ੀ ਹੈ। ਇਸ ਤੋਂ ਬਿਨ੍ਹਾਂ ਇਕ ਸੁਚੀ ਲਗਭ ਅਤੇ ਪ੍ਰੇਮ ਦੀ ਦਾਤ ਵੀ ਜਿਸ ਤੋਂ ਬਿਨਾਂ ਸੰਗੀਤ ਕਲਾ ਵਿੱਚ ਪ੍ਰਵੀਨਤਾ ਪ੍ਰਾਪਤ ਕਰ ਸਕਣੀ ਅਤੇ ਕਠਿਨ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

"ਜਿਨ ਕਉ ਨਦਰਿ ਕਰਮ ਤਿਨਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ ਜਪ 38॥"

## 2. ਸੰਗੀਤ ਦਾ ਪਿਤਰੀ ਵਿਰਸਾ

ਭਾਈ ਦੇਵਿੰਦਰ ਸਿੰਘ ਦਾ ਜਨਮ ਅਣਵੰਡੇ ਭਾਰਤ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਸ਼ਕਰਗੜ੍ਹ ਤਹਿਸੀਲ (ਜੋ ਅੱਜ ਕੱਲ ਪਾਕਿਸਤਾਨ ਦਾ ਇੱਕ ਭਾਗ) ਦੇ ਇੱਕ ਪਿੰਡ ਦੌਲਤ ਚੱਕ ਵਿਖੇ 10 ਦਸੰਬਰ, 1929 ਨੂੰ ਹੋਇਆ। ਇਸ ਪਿੰਡ ਨੂੰ ਨੈਨਾਕੋਟ ਡਾਕਖਾਨਾ ਲੱਗਦਾ ਸੀ। ਆਪ ਜੀ ਦੇ ਪਿਤਾ ਭਾਈ ਮਹਿਤਾਬ ਸਿੰਘ ਜੀ ਆਪਣੇ ਸਮੇਂ ਦੇ ਪ੍ਰਸਿੱਧ ਰਾਗੀ ਰਹਿ ਚੁੱਕੇ ਹਨ। ਇਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਹੋਣ ਤੋਂ ਬਿਨ੍ਹਾਂ ਗੁਰੂ ਘਰ ਦੀ ਇਹ ਸੇਵਾ ਸ੍ਰੀ ਪੰਜਾ ਸਾਹਿਬ ਤੇ ਹੋਰ ਸਥਾਨਾਂ ਤੇ ਵੀ ਨਿਭਾਈ ਹੈ। ਪਿੱਛੋਂ ਆਪ ਕਾਫੀ ਸਮਾਂ ਕਲਕੱਤਾ ਵਿਖੇ ਗੁਰਦੁਆਰਾ ਬੜੀ ਸੰਗਤ ਵਿੱਚ ਵੀ ਗੁਰੂ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਆਪ ਉੱਤੇ ਸਮੇਂ ਦੇ ਉਚਕੋਟੀ ਦੇ ਕੀਰਤਨਾਕਾਰਾਂ ਤੇ ਰਾਗੀਆਂ, ਵਿਸ਼ੇਸ਼ ਕਰਕੇ ਭਾਈ ਚਾਂਦ ਅਤੇ ਭਾਈ ਲਾਲ ਦਾ ਬਹੁਤ ਪ੍ਰਭਾਵ ਸੀ। ਇਨ੍ਹਾਂ ਦਾ ਅੰਸ਼ ਵੀ ਇਨ੍ਹਾਂ ਦੀ ਗਾਇਕੀ ਵਿੱਚ ਮੌਜੂਦ ਸੀ। ਭਾਈ ਦੇਵਿੰਦਰ ਸਿੰਘ ਦੇ ਮਾਤਾ ਜੀ ਸੰਗੀਤ ਪ੍ਰੇਮੀ ਸਨ। ਉਹ ਪ੍ਰਸਿੱਧ ਸਿੱਖ ਵਿਦਵਾਨ, ਸਾਹਿਤਕਾਰ ਅਤੇ ਕਵੀ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਦੀ ਸਪੁੱਤਰੀ ਸਨ, ਜੋ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਦੇ ਤੌਰ ਤੇ ਵੀ ਕੰਮ ਕਰਦੇ ਰਹੇ ਹਨ ਅਤੇ ਕਈ ਸਾਲ ਸ੍ਰੀ ਮੰਜੀ ਸਾਹਿਬ ਵਿਖੇ ਸ਼ਾਮ ਨੂੰ ਕਥਾ ਵੀ ਕਰਦੇ ਰਹੇ ਹਨ। ਆਪ ਜੀ ਦਾ ਸਿੱਖ ਸਭਿਆਚਾਰ ਦੇ ਨਵ-ਨਿਰਮਾਣ ਵਿੱਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਹੈ। ਸਿੱਖ ਇਤਿਹਾਸ ਸੰਬੰਧੀ ਦਰਜਨਾਂ ਕਾਵਿ ਪੁਸਤਕਾਂ ਨੂੰ ਸਰਲ ਪੰਜਾਬੀ ਕਵਿਤਾ ਵਿੱਚ ਰਚ ਕੇ ਉਨ੍ਹਾਂ ਨੇ ਸਮੁੱਚੇ ਸਿੱਖ ਸਮਾਜ ਨੂੰ ਮੱਧ ਕਾਲ ਦੇ ਸ਼ਿੰਗਾਰਰਸੀ ਕਿੱਸਿਆਂ ਵਲੋਂ ਹਟਾ ਕੇ ਸਿੱਖ ਇਤਿਹਾਸ ਅਤੇ ਗੁਰੂ ਘਰ ਨਾਲ ਜੋੜਿਆ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਈ ਦੇਵਿੰਦਰ ਸਿੰਘ ਜੀ ਨੂੰ ਗੁਰਮਤਿ ਦਾ ਪ੍ਰੇਮ ਅਤੇ ਗੁਰੂ ਕੀਰਤਨ ਦੀ ਦਾਤ ਵਿਰਸੇ ਵਿੱਚ ਹੀ ਮਿਲੀ ਹੈ।

ਜਿਸ ਘਰ ਵਿੱਚ ਗੁਰਬਾਣੀ ਦਾ ਗਾਇਨ ਅਤੇ ਕੀਰਤਨ ਨਾਲ ਪ੍ਰੇਮ ਦੇ ਰੂਪ ਵਿੱਚ ਸੰਗੀਤ ਦਾ ਪ੍ਰਵਾਹ ਚਲ ਰਿਹਾ ਹੋਵੇ, ਉਸ ਤੋਂ ਉਸ ਘਰ ਦੀ ਸੰਤਾਨ ਕਿਵੇਂ ਵਿਰਵੀ ਰਹਿ ਸਕਦੀ ਹੈ ? ਇਹੋ ਕਾਰਣ ਹੈ ਕਿ ਭਾਈ ਦੇਵਿੰਦਰ ਸਿੰਘ ਤੇ ਉਨ੍ਹਾਂ ਦੇ ਹੋਰ ਭਾਈ ਸਾਰੇ ਹੀ ਇਸ ਦਾਤ ਤੋਂ ਵਿਰੋਸਾਏ ਹੋਏ ਹਨ। ਆਪ ਜੀ ਦੇ ਛੋਟੇ ਭਾਈ 'ਭਾਈ ਓਂਕਾਰ ਸਿੰਘ ਵੀ ਚੰਗੇ ਕੀਰਤਨਕਾਰ ਹਨ।'

ਭਾਈ ਮਹਿਤਾਬ ਸਿੰਘ ਜੀ ਦੇ ਦੇਵਿੰਦਰ ਸਿੰਘ ਵੱਡੇ ਪੁੱਤਰ ਸਨ। ਇਸ ਲਈ ਕੁਦਰਤੀ ਸੀ ਕਿ ਭਾਈ ਦੇਵਿੰਦਰ ਸਿੰਘ ਉਨ੍ਹਾਂ ਦੀ ਇਸ ਪੂੰਜੀ ਨੂੰ ਵਧੇਰੇ ਉਦਾਰਤਾ ਨਾਲ ਗ੍ਰਹਿਣ ਕਰਦੇ। ਜਦੋਂ ਦੇਵਿੰਦਰ ਸਿੰਘ ਥੋੜ੍ਹੀ ਵੱਡੀ ਉਮਰ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਜੀ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਦੇ ਇਤਿਹਾਸਕ ਗੁਰੂ ਧਾਮ ਵਿੱਚ ਕੀਰਤਨ ਦੀ ਸੇਵਾ ਕਰਦੇ ਸਨ। ਇਸ ਬਾਰੇ ਇਲਾਕੇ ਵਿੱਚ ਇਹ ਬੜਾ ਰਮਣੀਕ ਸਥਾਨ ਹੈ ਅਤੇ ਆਲੇ ਦੁਆਲੇ ਦੀ ਸੰਗਤ ਉਸ ਸਮੇਂ ਹੁੰਮ-ਹੁਮਾ ਕੇ ਇੱਥੇ ਪੁਜਦੀ ਸੀ। ਦੇਵਿੰਦਰ ਸਿੰਘ ਦੀ ਮੁਢਲੀ ਸਿੱਖਿਆ ਸਰ ਸਿੰਕਦਰ-ਹਯਾਤ ਖਾਂ ਮਿਡਲ ਸਕੂਲ ਹਸਨ ਅਬਦਾਲ ਵਿੱਚ ਹੀ ਹੋਈ। ਪਿਛੋਂ ਜਦੋਂ ਆਪ ਜੀ ਦੇ ਪਿਤਾ ਜੀ ਅੰਮ੍ਰਿਤਸਰ ਵਿਖੇ ਨਿਵਾਸ ਰੱਖਣ ਲੱਗ ਪਏ ਤਾਂ ਆਪ ਗੁਰੂ ਰਾਮਦਾਸ ਹਾਈ ਸਕੂਲ ਵਿੱਚ ਦਾਖਲ ਹੋਏ। ਇੱਥੋਂ ਹੀ ਆਪ ਨੇ ਮੈਟ੍ਰਿਕ ਪਾਸ ਕੀਤੀ ਅਤੇ ਪਿਛੋਂ 1951-52 ਵਿੱਚ ਪੰਜਾਬ ਯੂਨੀਵਰਸਿਟੀ ਦੀ ਗਿਆਨੀ ਪ੍ਰੀਖਿਆ ਪਾਸ ਕਰ ਲਈ। ਪਿਛੋਂ ਪ੍ਰਾਈਵੇਟ ਵਿਦਿਆਰਥੀ ਦੇ ਤੌਰ ਤੇ ਬੀ.ਏ. ਪਾਸ ਕਰ ਲਈ 1947 ਦੀ ਦੇਸ਼ ਵੰਡ ਸਮੇਂ ਇਸ ਪਰਿਵਾਰ ਨੂੰ ਵੀ ਉਜਾੜੇ ਦੀ ਮਾਰ ਸਹਿਣੀ ਪਈ ਅਤੇ ਪਿਛੋਂ ਆ ਕੇ ਆਪ ਗੁਰਦਾਸਪੁਰ ਦੇ ਨੇੜੇ ਹੀ ਨਬੀਪੁਰ ਪਿੰਡ ਵਿੱਚ ਰਹਿਣ ਲੱਗ ਪਏ। ਹੁਣ ਵੀ ਭਾਈ ਦੇਵਿੰਦਰ ਸਿੰਘ ਤੇ ਭਾਈ ਮਹਿਤਾਬ ਸਿੰਘ ਦਾ ਪਰਿਵਾਰ ਇਸੇ ਪਿੰਡ ਦਾ ਹੀ ਪੱਕਾ ਨਿਵਾਸੀ ਹੈ। ਇਹ ਪਿੰਡ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਨੂੰ ਜਾਣ ਵਾਲੀ ਸੜਕ ਉਤੇ ਗੁਰਦਾਸਪੁਰ ਤੋਂ ਕੇਵਲ ਦੋ ਕਿਲੋਮੀਟਰ ਦੀ ਦੂਰ ਤੇ ਸਥਿਤ ਹੈ। ਕਹਿਣਾ ਇੰਝ ਚਾਹੀਦਾ ਹੈ ਕਿ ਇਹ ਗੁਰਦਾਸਪੁਰ ਦਾ ਹੀ ਇੱਕ ਭਾਗ ਹੈ। ਭਾਈ ਮਹਿਤਾਬ ਸਿੰਘ ਜ਼ਰੂਰ ਹੀ ਸੰਵਦਨਸ਼ੀਲ ਅਤੇ ਕਲਾਤਮਕ ਪ੍ਰਵਿਰਤੀ ਰੱਖਣ ਵਾਲੇ ਵਿਅਕਤੀ ਹੋਣਗੇ, ਨਹੀਂ ਤਾਂ ਪੰਜਾਬ ਦੀ ਜਟ ਪਰਿਵਾਰਾਂ ਵਿੱਚ ਸੰਗੀਤ ਵਰਗੀ ਸੂਖਮ ਤੇ ਲਲਿਤ ਕਲਾ ਟਾਵੀਂ ਟਾਂਵੀਂ ਹੀ ਦਿਖਾਈ ਦੇਂਦੀ ਰਹੀ ਹੈ।

ਭਾਈ ਮਹਿਤਾਬ ਸਿੰਘ ਬਚਪਨ ਵਿੱਚ ਹੀ ਆਪਣੇ ਸਪੁੱਤਰ ਭਾਈ ਦੇਵਿੰਦਰ ਸਿੰਘ ਨੂੰ ਗੁਰੂ ਕੀਰਤਨ ਦੀ ਸਿੱਖਿਆ ਦੇਂਦੇ ਰਹੇ ਹਨ ਅਤੇ ਕਈ ਥਾਵਾਂ ਤੇ ਜਦੋਂ ਉਹ ਬਾਹਰ ਕੀਰਤਨ ਕਰਨ ਜਾਂਦੇ ਹਨ ਤਾਂ ਉਨ੍ਹਾਂ ਨੂੰ ਨਾਲ ਬਿਠਾ ਲੈਂਦੇ ਸਨ। ਇਸ ਲਈ ਕੁਦਰਤੀ ਸੀ ਕਿ ਭਾਈ ਦੇਵਿੰਦਰ ਸਿੰਘ ਆਪਣੇ ਪਿਤਾ ਜੀ ਦੀ ਗਾਇਕੀ ਦੇ ਵਡਮੁੱਲੇ ਅੰਸ਼ ਅਚੇਤ ਹੀ ਆਪਣੇ ਮਨ ਵਿੱਚ ਸਮਾਂ ਲੈਂਦੇ। ਉਨ੍ਹਾਂ ਦੀ ਆਵਾਜ਼ ਤੇ ਗਾਇਕੀ ਦੋਹਾਂ ਨੇ ਹੀ ਦੇਵਿੰਦਰ ਸਿੰਘ ਦੇ ਕੀਰਤਨ ਕਰਨ ਦੀ ਮੁਢਲੀ ਸ਼ੈਲੀ ਨੂੰ ਨਿਰਧਾਰਤ ਕੀਤਾ ਹੈ। ਜਦੋਂ ਉਨ੍ਹਾਂ ਦੇ ਪਿਤਾ ਜੀ ਅੰਮ੍ਰਿਤਸਰ ਛੱਡ ਕੇ ਕਲਕੱਤੇ ਚਲੇ ਗਏ ਤਾਂ ਆਪ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਥਾਵਾਂ ਤੇ ਕੀਰਤਨ ਕਰਦੇ ਰਹੇ ਹਨ। ਆਪ ਜੀ ਦਾ ਵਿਆਹ ਕਾਲਾ ਅਫ਼ਗਾਨਾ ਵਿਖੇ ਬੀਬੀ ਗੁਰਸ਼ਰਨ ਕੌਰ ਨਾਲ ਹੋਇਆ, ਜੋ ਇੱਕ ਬੜੀ ਹੀ ਸੁਸ਼ੀਲ ਇਸਤਰੀ ਹੈ।

### 3. ਸ਼ਾਸਤਰੀ ਸੰਗੀਤ ਨਾਲ ਪ੍ਰੇਮ

ਭਾਵੇਂ ਗੁਰਬਾਣੀ ਦੇ ਸਾਰੇ ਪ੍ਰਮੁੱਖ ਕੀਰਤਨਕਾਰ ਅਤੇ ਰਾਗੀ ਸ਼ਾਸਤਰੀ ਰਾਗਾਂ ਵਿੱਚ ਅਤੇ ਗੁਰਮੀਤ ਸੰਗੀਤ ਦੀ ਸਥਾਪਿਤ ਰੀਤ ਅਨੁਸਾਰ ਕੀਰਤਨ ਕਰਦੇ ਹੁੰਦੇ ਸਨ, ਪਰ ਸਮਾਂ ਪਾ ਕੇ ਕੀਰਤਨ ਦੀ ਕਲਾ ਵਿੱਚ ਕੁਝ ਪਰਿਵਰਤਨ ਵੀ ਹੁੰਦੇ ਰਹੇ ਹਨ। ਇੱਕ ਸਭ ਤੋਂ ਵਡਾ ਪਰਿਵਰਤਨ ਤਾਂ ਰਾਗੀ ਸਿੰਘਾਂ ਦਾ ਤਾਰਦਾਰ ਸਾਜ਼ਾਂ ਦਾ ਤਿਆਗ ਕਰਕੇ ਹਰਮੋਨੀਅਮ ਦੀ ਵਰਤੋਂ ਨੂੰ ਆਪਣਾ ਲੈਣਾ ਸੀ ਅਤੇ ਦੂਜਾ ਸ਼ਾਸਤਰੀ ਰਾਗਾਂ ਨੂੰ ਛੱਡ ਕੇ ਦੇਸੀ ਧੁਨਾਂ ਉੱਤੇ ਕੀਰਤਨ ਕਰਨ ਲਗ ਪੈਣਾ। ਭਾਵੇਂ ਕੁਝ ਪ੍ਰਮੁੱਖ ਰਾਗੀਆਂ ਅਤੇ ਕੀਰਤਨਕਾਰਾਂ ਨੇ ਗੁਰਬਾਣੀ ਦੀ ਗਾਇਕੀ ਅਤੇ ਗੁਰਮਤਿ ਸੰਗੀਤ ਦੀ ਸ਼ੁੱਧ ਮਰਿਯਾਦਾ ਨੂੰ ਵੀ ਕਾਇਮ ਰੱਖਿਆ ਹੈ, ਪਰ ਫਿਰ ਵੀ ਬੁਹਤਿਆਂ ਨੇ ਸੌਖਾ ਰਾਹ ਹੀ ਅਪਣਾਇਆ ਹੈ ਅਤੇ ਇਥੋਂ ਤੱਕ ਕਿ ਉਹ ਫ਼ਿਲਮ ਸੰਗੀਤ ਤੋਂ ਵੀ ਪ੍ਰਭਾਵਤ ਹੋਏ ਹਨ। ਦੇਵਿੰਦਰ ਸਿੰਘ ਨੇ ਆਪਣੇ ਬਚਪਨ ਵਿੱਚ ਹੋਰ ਚੰਗੇ ਰਾਗੀਆਂ ਅਤੇ ਆਪਣੇ ਪਿਤਾ ਜੀ ਤੋਂ ਕੀਰਤਨ ਦੀ ਸ੍ਰੇਸ਼ਟ ਮਰਿਆਦਾ ਨੂੰ ਅਪਣਾਇਆ, ਪਰ ਇਸ ਕਿੱਤੇ ਨੂੰ ਆਪਣੀ ਉਪਜੀਵਕਾ ਦਾ ਆਧਾਰ ਨਹੀਂ ਸੀ ਬਣਾਇਆ।

ਉਸ ਨੂੰ ਗਾਉਣ ਦਾ ਸ਼ੌਕ ਸੀ ਅਤ ਉਹ ਗੁਰਬਾਣੀ ਦੇ ਸ਼ਬਦਾਂ ਦੇ ਨਾਲ-ਨਾਲ ਗ਼ਜ਼ਲ ਅਤੇ ਹੋਰ ਸੁਗਮ

ਅਤੇ ਉਨ੍ਹਾਂ ਦੀ ਸੰਗੀਤ ਰਚਨਾ ਵੀ ਕੀਤੀ ਹੈ। ਜਲੰਧਰ ਕੇਂਦਰ ਤੋਂ ਉਨ੍ਹਾਂ ਦੀਆਂ ਕੁਝ ਸੰਗੀਤਕ ਰਚਨਾਵਾਂ ਜਿਵੇਂ, ਆਦੇਸ ਤਿਸੈ ਆਦੇਸ, ਮਿਟਿਆ ਹਨੇਰਾ ਚੰਨ ਚੜ੍ਹਿਆ, ਦੇਹ ਸਿਵਾ ਬਰ ਮੋਹਿ ਇਹਿ, ਸੂਰਾ ਸੋ ਪਹਿਚਾਨੀਐ, ਅਤੇ ਆਰਤੀ ਆਦਿ ਸ਼ਬਦ ਬੜੇ ਹਰਮਨ ਪਿਆਰੇ ਹੋਏ। ਇਸੇ ਤਰ੍ਹਾਂ ਉਨ੍ਹਾਂ ਦੀ ਗਾਈ ਹੋਈ ਪ੍ਰਸਿੱਧ ਪੰਜਾਬੀ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਦੀ ਸੁਪ੍ਰਸਿੱਧ ਰਚਨਾ, "ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ" ਬਹੁਤ ਹੀ ਸਲਾਹੀ ਗਈ ਹੈ। ਦੇਵਿੰਦਰ ਸਿੰਘ ਇੱਕ ਮੌਲਿਕ ਸੰਗੀਤ ਰਿਚੈਤਾ ਹੈ ਅਤੇ ਉਹ ਕਿਸੇ ਵੀ ਗੀਤ, ਕਾਫ਼ੀ, ਗ਼ਜ਼ਲ ਨੂੰ ਬੜੀ ਛੇਤੀ ਅਤੇ ਕਈ ਰੂਪਾਂ ਵਿੱਚ ਸੰਗੀਤ ਰਚਨਾ ਦੇ ਰੂਪ ਵਿੱਚ ਸਵਰਬਧ ਕਰ ਸਕਦਾ ਹੈ।

ਰੇਡੀਓ ਦੇ ਸੇਵਾਕਾਲ ਵਿੱਚ ਹੀ ਉਸ ਨੂੰ ਕਈ ਪ੍ਰਮੁੱਖ ਸੰਗੀਤ ਕਲਾਕਾਰਾਂ ਅਤੇ ਗਾਇਕਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ, ਜਿਨ੍ਹਾਂ ਵਿੱਚੋਂ ਕੁਝ ਇੱਕ ਪ੍ਰਮੁੱਖ ਵਿਅਕਤੀ ਸਰਵਸ੍ਰੀ ਉਸਤਾਦ ਵਿਲਾਇਤ ਖਾਂ, ਸ. ਸੋਹਣ ਸਿੰਘ, ਨਵਾਬ ਆਫ ਰਾਮਪੁਰ, ਦੇਵਿੰਦਰ ਮੁਰਦੇਸ਼ਵਰ, ਵਿਜੈ ਰਾਗਵਣ ਰਾਓ ਅਤੇ ਸ਼ਿਵ ਕੁਮਾਰ ਸ਼ਰਮਾ ਆਦਿ ਸਨ। ਇਸੇ ਸਮੇਂ ਹੀ ਉਸ ਨੂੰ ਸਪ੍ਰਸਿਧ ਹਿੰਦੀ ਕਵੀਆਂ ਸੁਮਿਤਰਾ ਨੰਦਰ ਪੰਤ, ਸ੍ਰੀ ਬਚਨ, ਸ੍ਰੀ ਗਿਰਜਾ ਕੁਮਾਰ ਮਾਥੁਰ ਅਤੇ ਨਰਿੰਦਰ ਸ਼ਰਮਾ ਦੀਆਂ ਕਾਵਿ ਰਚਨਾਵਾਂ ਨੂੰ ਸੰਗੀਤਕ ਸਵਰ ਦੇਣ ਦਾ ਅਵਸਰ ਵੀ ਮਿਲਦਾ ਰਿਹਾ ਹੈ। ਇੱਕ ਹੋਰ ਗੱਲ ਜੋ ਉਸ ਦੀ ਸੰਗੀਤ ਕਲਾ ਦੇ ਅਨੁਭਵ ਅਤੇ ਗਿਆਨ ਨੂੰ ਵਿਸ਼ਾਲ ਬਣਾਉਣ ਵਿੱਚ ਸਹਾਈ ਹੋਈ ਹੈ, ਉਹ ਹੈ ਆਕਾਸ਼ਵਾਣੀ ਪੁਰਾਤੱਤਵ ਵਿਭਾਗ ਲਈ ਸੰਗੀਤ ਰਚਨਾਵਾਂ ਨੂੰ ਇਕੱਤਰ ਕਰਨਾ। ਇਸ ਸੰਬੰਧ ਵਿੱਚ ਉਸ ਨੂੰ ਉਸਤਾਦ ਅਮੀਰ ਖਾਂ, ਸ੍ਰੀ ਭੀਮ ਸਨ ਜੋਸ਼ੀ, ਸ੍ਰੀ ਪੰਡਿਤ ਰਵੀ ਸ਼ੰਕਰ, ਸ੍ਰੀ ਨਸਾਰ ਖਾਂ, ਸ੍ਰੀ ਬਿਸਮਿਲਾ ਖਾਂ ਅਤੇ ਪੰਡਿਤ ਜਸਰਾਜ ਵਰਗੇ ਉਘੇ ਸ਼ਾਸਤਰੀ ਗਾਇਕਾਂ ਅਤੇ ਪ੍ਰਬੀਨ ਵਦਾਕਾਂ ਦੀਆਂ ਰਚਨਾਵਾਂ ਨੂੰ ਰਿਕਾਰਡ ਕਰਨ ਦਾ ਮੌਕਾ ਮਿਲਿਆ ਹੈ, ਜਿਸ ਨਾਲ ਉਹ ਇਨ੍ਹਾਂ ਕਲਾਕਾਰਾਂ ਦੀਆਂ ਕਲਾਤਮਕ ਬਾਰੀਕਿਆਂ ਨੂੰ ਸਮਝਣ ਵਿੱਚ ਹੋਰ ਵੀ ਸਫਲ ਹੋਇਆ ਹੈ। ਅਨੇਕ ਸੁਗਮ ਸੰਗੀਤ ਅਤੇ ਉਪ ਸ਼ਾਸਤਰੀ ਦੇ ਵਸ਼ਿਸ਼ਟ ਗਾਇਕਾਂ ਅਤੇ ਗ਼ਜ਼ਲ ਗਾਇਕਾਂ ਦੀ ਸ਼ੈਲੀ ਦੀਆਂ ਸੂਖਮਤਾਵਾਂ ਨੂੰ ਵੀ ਉਸ ਨੇ ਸੰਵੇਦਨਸ਼ੀਲ ਅੰਤਰ ਦ੍ਰਿਸ਼ਟੀ ਨਾਲ ਸੁਣਿਆਂ, ਵਿਚਾਰਿਆ ਅਤੇ ਘੋਖਿਆ ਹੈ। ਇਸ ਕਲਾਤਮਕ ਵਿਸ਼ਲੇਸ਼ਣ ਨੇ ਉਸ ਦੀ ਆਪਣੀ ਸੰਗੀਤਕ ਸੂਝ ਤੇ ਕਲਾ ਦ੍ਰਿਸ਼ਟੀ ਨੂੰ ਹੋਰ ਪ੍ਰਫੁਲਤ ਤੇ ਵਿਕਸਤ ਕੀਤਾ ਹੈ ਅਤੇ ਉਹ ਹੋਰ ਵੀ ਪ੍ਰਪੱਕ ਤੇ ਪ੍ਰੌੜ ਹੋਈ ਹੈ। ਸੱਚ ਤਾਂ ਇਹ ਹੈ ਕਿ ਇਸ ਕਲਾਕਾਰ ਨੇ ਆਪਣੇ ਮਨ ਨੂੰ ਸਦਾ ਚੰਗੇਰੀ ਤੇ ਉਚੇਰੀ ਕਲਾ ਲਈ ਖੁੱਲ੍ਹਾ ਰੱਖਿਆ ਹੈ ਅਤੇ ਬਹੁਤ ਸਾਰੇ ਸੋਮਿਆਂ ਤੋਂ ਰਚਨਾਤਮਕ ਪ੍ਰਭਾਵ ਅਚੇਤ ਤੇ ਸੁਚੇਤ ਦੋਹਾਂ ਰੂਪਾਂ ਵਿੱਚ ਗ੍ਰਹਿਣ ਕੀਤੇ ਹਨ। ਨੌਕਰੀ ਦੇ ਨਾਲ-ਨਾਲ ਆਪਣੇ ਪ੍ਰੋਗਰਾਮਾਂ ਨੂੰ ਵੀ ਜਾਰੀ ਰੱਖਿਆ ਹੈ ਅਤੇ ਹੁਣ ਤੱਕ ਵੀ ਉਹ ਇੱਕ ਉਤਕ੍ਰਿਸ਼ਟ ਕਲਾਕਾਰ ਦੇ ਤੌਰ ਤੇ ਉਹ ਇਨ੍ਹਾਂ ਸਾਰੀਆਂ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ।

## 5. ਕੀਰਤਨ ਦਰਬਾਰਾਂ ਦੀ ਲਹਿਰ ਵਿੱਚ ਯੋਗਦਾਨ

ਦੇਵਿੰਦਰ ਸਿੰਘ ਨੇ ਆਕਾਸ਼ਵਾਣੀ ਦੀ ਸੇਵਾ ਨੂੰ ਆਪਣੇ ਲਈ ਸੀਮਿਤ ਖੇਤਰ ਸਮਝ ਕੇ ਇਸ ਸੁਤੰਤਰ ਕਲਾਕਾਰ ਦੇ ਕਿੱਤੇ ਨੂੰ ਅਪਣਾਇਆ, ਜਿਸ ਵਿੱਚ ਉਸ ਨੂੰ ਸਫ਼ਲਤਾ ਪ੍ਰਾਪਤ ਹੋਈ। ਇਸ ਸਮੇਂ ਤੱਕ ਭਾਈ ਦੇਵਿੰਦਰ ਸਿੰਘ ਗੁਰਬਾਣੀ ਦਾ ਕੀਰਤਨ ਵੀ ਕਰਦਾ ਸੀ। ਸ਼ਾਸਤਰੀ ਅਤੇ ਸੁਗਮ ਗਾਇਕੀ ਵਿੱਚ ਉਸ ਨੂੰ ਪ੍ਰਬੀਨਤਾ ਪ੍ਰਾਪਤ ਸੀ। ਇਹ ਦੋਵੇਂ ਖੇਤਰ ਉਸ ਨੇ ਆਪਣੇ ਕਲਾ ਦੇ ਵਿਕਾਸ ਲਈ ਖੁੱਲ੍ਹੇ ਰੱਖੇ। 1968 ਵਿੱਚ ਭਾਈ ਦੇਵਿੰਦਰ ਸਿੰਘ ਨੂੰ ਪੰਜਾਬ ਸਰਕਾਰ ਵਲੋਂ ਸੰਗੀਤ ਦਾ ਸ਼੍ਰੋਮਣੀ ਐਵਾਰਡ ਵੀ ਦਿੱਤਾ ਗਿਆ। 1969 ਵਿੱਚ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਜਨਮ ਉਤਸਵ ਸਮੇਂ ਪੰਜਾਬ ਵਿੱਚ ਗੁਰਮਤਿ ਸੰਗੀਤ ਦਾ ਇੱਕ ਨਵਾਂ ਵਾਤਾਵਰਣ ਹੋਂਦ ਵਿੱਚ ਆਇਆ। ਅਨੇਕ ਸੰਸਥਾਵਾਂ ਨੇ ਗੁਰੂ ਨਾਨਕ ਦੇਵ ਜੀ ਦੀ ਰਬੀ ਜੋਤ ਨੂੰ ਆਪਣੇ-ਆਪਣੇ ਢੰਗ ਨਾਲ ਸ਼ਰਧਾਂਜਲੀਆਂ ਅਰਪਨ ਕੀਤੀਆਂ। ਪੰਜਾਬ ਕੀਰਤਨ ਦਰਬਾਰ ਟਰੱਸਟ ਦੀ ਸਥਾਪਨਾ ਹੋਈ, ਜਿਸ ਦੀ ਜਨਰਲ ਸਕੱਤਰ ਦੀ ਸੇਵਾ ਨੂੰ ਭਾਈ ਦੇਵਿੰਦਰ ਸਿੰਘ ਜੀ ਨੇ ਬੜੀ ਸੁਯੋਗਤਾ ਨਾਲ ਨਿਭਾਇਆ ਹੈ। ਪੰਜਾਬ ਕੀਰਤਨ ਦਰਬਾਰ ਟਰੱਸਟ ਵਲੋਂ ਅਨੇਕ ਸ਼ਹਿਰਾਂ ਵਿੱਚ ਵੱਖ-ਵੱਖ ਸਮੇਂ ਵਿਸ਼ਾਲ ਕੀਰਤਨ ਦਰਬਾਰ ਕਰਵਾਏ ਗਏ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਇੱਕ ਅਦੁੱਤੀ ਅਵਸਰ ਇਸ ਮਾਧਿਅਮ ਨੇ ਪ੍ਰਦਾਨ ਕੀਤਾ। ਭਾਈ ਦੇਵਿੰਦਰ ਸਿੰਘ ਨੇ ਵਿਅਕਤੀਗਤ ਰੂਪ ਵਿੱਚ ਵੀ ਇੱਕ ਕੀਰਤਨਕਾਰ ਅਤੇ ਗਾਇਕ ਵਜੋਂ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਵਡਮੁੱਲਾ ਹਿੱਸਾ ਪਾਇਆ ਹੈ। ਇਹੋ ਹੀ ਭਾਈ ਦੇਵਿੰਦਰ ਸਿੰਘ ਦੀ ਵਸ਼ਿਸ਼ਟ ਰਾਗੀ ਅਤੇ ਕੀਰਤਨਕਾਰ ਦੇ ਰੂਪ ਵਿੱਚ ਪ੍ਰਸਿੱਧੀ ਦਾ ਕਾਰਨ ਬਣੇ ਹਨ।

ਇਸ ਸੰਸਥਾ ਵਲੋਂ ਹੀ ਕਈ ਕੀਰਤਨ ਦਰਬਾਰ ਵਿਦੇਸ਼ਾਂ ਵਿੱਚ ਕਰਵਾਏ ਗਏ, ਜਿਨ੍ਹਾਂ ਵਿੱਚ ਭਾਈ ਦੇਵਿੰਦਰ

ਗਾਇਕੀ ਵਲ ਵੀ ਪ੍ਰੇਰਿਤ ਹੋਇਆ। ਆਕਾਸ਼ਵਾਣੀ ਦੇ ਕੇਂਦਰਾਂ ਦੇ ਵਿਸਥਾਰ ਨਾਲ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੀ ਮੰਗ ਕਾਰਣ ਹੁਣ ਬਹੁਤ ਸਾਰੇ ਸੰਗੀਤਕਾਰ ਇਸ ਬੰਨੇ ਪ੍ਰਭਾਵਤ ਹੋ ਚੁੱਕੇ ਸਨ। ਦੇਵਿੰਦਰ ਸਿੰਘ ਵੀ ਇਸ ਪ੍ਰਭਾਵ ਤੋਂ ਮੁਕਤ ਨਹੀਂ ਸੀ ਰਹਿ ਸਕਿਆ। ਸੰਜੋਗਵਸ ਉਨ੍ਹਾਂ ਦਿਨਾਂ ਵਿੱਚ ਗੁਰਦਾਸਪੁਰ ਵਿਖੇ ਇੱਕ ਚੰਗੇ ਸ਼ਾਸਰਤੀ ਸੰਗੀਤ ਦੇ ਪ੍ਰਬੀਨ ਜਾਣਕਾਰ ਰਹਿੰਦੇ ਸਨ, ਜੋ ਪਿੱਛੋਂ ਪਾਕਿਸਤਾਨ ਤੋਂ ਹੀ ਆਏ ਸਨ। ਇਹ ਵਿਅਕਤੀ ਸਨ ਮਾਸਟਰ ਜਗਦੀਸ਼ ਰਾਜ ਕੋਹਲੀ ਜੋ ਕਿੱਤਾ ਤਾਂ ਲਾਂਡਰੀ ਦਾ ਕਰਦੇ ਸਨ, ਪਰ ਨਾਲ ਹੀ ਸੰਗੀਤ ਦੇ ਸਾਜ਼ ਵੀ ਦੁਕਾਨ ਉੱਤੇ ਰੱਖ ਕੇ ਵੇਚਦੇ ਹੁੰਦੇ ਸਨ। ਇਹ ਉਨ੍ਹਾਂ ਦੀ ਉਪਜੀਵਿਕਾ ਦਾ ਸਾਧਨ ਸੀ। ਉਨ੍ਹਾਂ ਨੇ ਆਪਣੇ ਜੀਵਨ ਦਾ ਆਰੰਭਕ ਭਾਗ ਲਾਹੌਰ ਵਿਖੇ ਗੁਜਾਰਿਆ ਸੀ ਅਤੇ ਉੱਥੇ ਹੀ ਪੰਡਿਤ ਵਿਸ਼ਨੂ ਦਿਗੰਬਰ ਜੀ ਦੇ ਸੰਗੀਤ ਵਿਦਿਆਲੇ ਤੋਂ ਸ਼ਾਸਤਰੀ ਸੰਗੀਤ ਦੀ ਲਗਨ ਲਗੀ। ਫਿਰ ਉਹ ਮਾਸਟਰ ਰਾਮ ਪ੍ਰਕਾਸ਼ ਜੀ ਤੋਂ ਸ਼ਾਸਤਰੀ ਸੰਗੀਤ ਦੀ ਸਿਖਿਆ ਲੈਂਦੇ ਰਹੇ। ਜੋ ਨੇਤਰਹੀਣ ਸਨ, ਪਰ ਇੱਕ ਚੰਗੇ ਸੁਲਝੇ ਹੋਏ ਗਾਇਕ ਸਨ। ਪਿਛੋਂ ਇਹ ਮੋਗਾ ਵਿਖੇ ਨਿਵਾਸ ਰੱਖਦੇ ਰਹੇ ਹਨ।

ਮਾਸਟਰ ਜਗਦੀਸ ਰਾਜ ਕੋਹਲੀ ਦੀ ਆਵਾਜ਼ ਬੜੀ ਮਧੁਰ ਸੀ ਅਤੇ ਸ਼ਾਸਤਰੀ ਸੰਗੀਤ ਵਿੱਚ ਉਨ੍ਹਾਂ ਨੂੰ ਬੜੀ ਪ੍ਰਬੀਨਤਾ ਪ੍ਰਾਪਤ ਸੀ। ਉਹ ਸ਼ਾਸਤਰੀ ਸੰਗੀਤ ਦੇ ਬਹੁਤ ਸੁਲਝੇ ਹੋਏ ਅਧਿਆਪਕ ਅਤੇ ਗਿਆਤਾ ਸਨ। ਉਨ੍ਹਾਂ ਨੇ ਇਸ ਇਲਾਕੇ ਵਿੱਚ ਸ਼ਾਸਤਰੀ ਸੰਗੀਤ ਦਾ ਬੜਾ ਹੀ ਪ੍ਰਚਾਰ ਕੀਤਾ ਹੈ। ਭਾਵੇਂ ਉਹ ਆਪ ਸਟੇਜ ਉੱਤੇ ਨਹੀਂ ਸੀ ਗਾਉਂਦੇ, ਪਰ ਉਹ ਆਪਣੇ ਸ਼ਾਗਿਰਦਾਂ ਨੂੰ ਸ਼ਾਸਤਰੀ ਸੰਗੀਤ ਦੀ ਸਿੱਖਿਆ ਦੇ ਕੇ ਇਨ੍ਹਾਂ ਮਹਿਫਲਾਂ ਵਿੱਚ ਲਿਜਾਂਦੇ ਸਨ ਅਤੇ ਉਨ੍ਹਾਂ ਸੰਗੀਤ ਪ੍ਰਦਰਸ਼ਨ ਕਰਨ ਲਈ ਉਤਸ਼ਾਹਤ ਕਰਦੇ ਸਨ। ਇਨ੍ਹਾਂ ਦੇ ਯਤਨਾਂ ਸਦਕਾ ਹੀ ਪਿਛੋਂ ਗੁਰਦਾਸਪੁਰ ਵਿਖੇ ਸ੍ਰੀਮਤੀ ਉਰਮਲਾ ਕੌਸ਼ਲ ਦੀ ਸਰਪ੍ਰਸਤੀ ਵਿੱਚ ਸੰਗੀਤ ਕਲਾ ਕੇਂਦਰ ਸਥਾਪਤ ਹੋਇਆ, ਜੋ ਅੱਜ ਬਹੁਤ ਵੱਡੀ ਸੰਸਥਾ ਹੈ। ਇੱਥੇ ਹੀ ਮਾਸਟਰ ਜਗਦੀਸ ਰਾਜ ਜੀ ਕੋਹਲੀ ਅਧਿਆਪਨ ਦਾ ਕਾਰਜ ਕਰਦੇ ਰਹੇ ਹਨ।

ਭਾਈ ਦੇਵਿੰਦਰ ਸਿੰਘ ਮਾਸਟਰ ਜਗਦੀਸ਼ ਰਾਜ ਜੀ ਦਾ ਸ਼ਿਸ਼ ਬਣ ਗਿਆ ਅਤੇ ਉਨ੍ਹਾਂ ਕੋਲੋਂ ਹੀ ਦੇਵਿੰਦਰ ਸਿੰਘ ਨੇ ਵਿਧੀਗਤ ਰੂਪ ਵਿੱਚ ਸ਼ਾਸਤਰੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਹੈ। ਮਾਸਟਰ ਜਗਦੀਸ ਰਾਜ ਜੀ ਭਾਵੇਂ ਆਪ ਅਕਾਸ਼ਵਾਣੀ, ਦੂਰਦਰਸ਼ਨ ਅਤੇ ਮੰਚਾਂ ਉੱਤੇ ਨਹੀਂ ਗਾ ਸਕੇ, ਪਰ ਉਨ੍ਹਾਂ ਦੀ ਗਾਇਕੀ ਦਾ ਪ੍ਰਦਰਸ਼ਨ ਭਾਈ ਦੇਵਿੰਦਰ ਸਿੰਘ ਦੇ ਰੂਪ ਵਿੱਚ ਇਨ੍ਹਾਂ ਸੰਸਥਾਵਾਂ ਅਤੇ ਮੰਚਾਂ ਦੁਆਰਾ ਜ਼ਰੂਰ ਹੋਇਆ ਹੈ। ਮਾਸਟਰ ਜਗਦੀਸ ਰਾਜ ਦੀ ਦੇਖ ਰੇਖ ਵਿੱਚ ਹੀ ਭਾਈ ਦੇਵਿੰਦਰ ਸਿੰਘ ਦਾ ਸਵਰ-ਗਿਆਨ ਅਤੇ ਸ਼ਾਸਤਰੀ ਗਾਇਕੀ ਸ਼ੁੱਧ ਰੂਪ ਵਿੱਚ ਵਿਕਸਤ ਹੋਈ ਅਤੇ ਪ੍ਰਵਾਨ ਚੜ੍ਹੀ ਹੈ। ਉਨ੍ਹਾਂ ਨੇ ਹੀ ਭਾਈ ਦੇਵਿੰਦਰ ਸਿੰਘ ਨੂੰ ਖਿਆਲ, ਠੁਮਰੀ, ਦਾਦਰਾ, ਕਜਰੀ ਅਤੇ ਹੋਰ ਉਪਸ਼ਾਸਤਰੀ ਸੁਗਮ ਗਾਇਕੀ ਵਿੱਚ ਪ੍ਰਬੀਨ ਕੀਤਾ ਹੈ। ਇਸੇ ਪ੍ਰਭਾਵ ਥਲੇ ਹੀ ਦੇਵਿੰਦਰ ਸਿੰਘ ਨੇ ਪਹਿਲਾਂ ਅਕਾਸ਼ਵਾਣੀ ਜੰਮੂ ਅਤੇ ਫਿਰ ਜਲੰਧਰ ਤੋਂ ਸ਼ਾਸਤਰੀ ਗਾਇਕੀ ਅਤੇ ਸੁਗਮ ਗਾਇਕੀ ਦੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ ਸਨ ਅਤੇ 1962 ਵਿੱਚ ਪ੍ਰਯੋਗ ਸੰਗੀਤ ਸੰਮਤੀ ਇਲਾਹਾਬਾਦ ਤੋਂ ਸੰਗੀਤ ਪ੍ਰਬੀਨ ਐਮ.ਮਿਊਜ਼ ਦੀ ਡਿਗਰੀ ਵੀ ਪ੍ਰਾਪਤ ਕਰ ਲਈ ਸੀ। ਇਸ ਨਾਲ ਭਾਈ ਦੇਵਿੰਦਰ ਸਿੰਘ ਦੀ ਸਮੁੱਚੀ ਗਾਇਨ ਕਲਾ ਅਤੇ ਸ਼ੈਲੀ ਵਿੱਚ ਬੜਾ ਹੀ ਨਿਖ਼ਾਰ ਆਇਆ ਅਤੇ ਸਹਿਜੇ ਸਹਿਜੇ ਉਹ ਇੱਕ ਵਿਸ਼ੇਸ਼ ਵਿਅਕਤੀਗਤ ਗਾਇਨ ਸ਼ੈਲੀ ਨੂੰ ਵਿਕਸਤ ਕਰਨ ਵਿੱਚ ਸਫ਼ਲ ਹੋਇਆ ਹੈ। ਇਸ ਸਮੇਂ ਹੀ ਕੁਝ ਚਿਰ ਉਸ ਨੇ ਪੰਜਾਬ ਦਾ ਸੁਪ੍ਰਸਿਧ ਸ਼ਾਸਤਰੀ ਗਾਇਕ ਸਰਦਾਰ ਸੋਹਣ ਸਿੰਘ ਤੋਂ ਵੀ ਸਿਖਿਆ ਗ੍ਰਹਿਣ ਕੀਤੀ ਹੈ।

## 4. ਅਕਾਸ਼ਵਾਣੀ ਕੇਂਦਰਾਂ ਵਿੱਚ ਸੰਗੀਤ ਨਿਰਦੇਸ਼ਕ

ਡਾ. ਕੇਸਕਰ ਲੰਮੇ ਸਮੇਂ ਤੱਕ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰ ਵਿਭਾਗ ਦੇ ਮੰਤਰੀ ਰਹੇ ਹਨ। ਉਹ ਭਾਈ ਦੇਵਿੰਦਰ ਸਿੰਘ ਦੀ ਗਾਇਕੀ ਤੋਂ ਵੀ ਪ੍ਰਭਾਵਿਤ ਸਨ। ਫਲਸਰੂਪ ਦੇਵਿੰਦਰ ਸਿੰਘ ਨੂੰ ਅਕਾਸ਼ਵਾਣੀ ਦੇ ਜੰਮੂ ਕੇਂਦਰ ਉੱਤੇ ਸੰਗੀਤ ਨਿਰਦੇਸ਼ਕ ਵਜੋਂ ਨਿਯੁਕਤ ਕੀਤਾ ਗਿਆ। ਕੁਝ ਸਮੇਂ ਆਪ ਜਲੰਧਰ ਅਤੇ ਦਿਲੀ ਕੇਂਦਰਾਂ ਉੱਤੇ ਵੀ ਕੰਮ ਕਰਦੇ ਰਹੇ ਹਨ। ਇਸ ਸਮੇਂ ਉਨ੍ਹਾਂ ਨੂੰ ਸੰਗੀਤ ਰਿਚੈਤਾ ਦੇ ਕਾਰਜ ਨੂੰ ਵੀ ਨਿਭਾਉਣਾ ਪਿਆ ਹੈ ਅਤੇ ਹੋਰ ਪ੍ਰਮੁੱਖ ਸੰਗੀਤ ਕਲਾਕਾਰਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਸਹਿਕਾਰੀ ਵਜੋਂ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ। ਇਸ ਨਾਲ ਦੇਵਿੰਦਰ ਸਿੰਘ ਦੀ ਸੂਝ ਬੜੀ ਪ੍ਰਪੱਕ ਅਤੇ ਬਾਰੀਕ ਹੋਈ ਹੈ। ਇਥੋਂ ਤੱਕ ਕਿ ਉਸ ਨੂੰ ਸੰਗੀਤ ਦੇ ਰਾਸ਼ਟਰੀ ਪ੍ਰੋਗਰਾਮ ਵਿੱਚ ਆਪਣੀ ਕਲਾ ਦੇ ਪ੍ਰਦਰਸ਼ਨ ਦਾ ਮੌਕਾ ਮਿਲਿਆ ਹੈ। ਇਸੇ ਦੌਰਾਨ ਦੇਵਿੰਦਰ ਸਿੰਘ ਨੇ ਸੈਂਕੜੇ ਰਚਨਾਵਾਂ ਦੀਆਂ ਸੰਗੀਤਕ ਬੰਦਸ਼ਾਂ ਰਚੀਆਂ ਅਤੇ ਪ੍ਰਮੁੱਖ ਕਲਾਕਾਰਾਂ ਕੋਲੋਂ ਵਿਅਕਤੀਗਤ ਅਤੇ ਸਮੂਹਗਾਣ ਦੇ ਰੂਪ ਵਿੱਚ ਗਵਾਈਆਂ ਹਨ

'ਸੰਗੀਤ' ਨਾਮ ਪੁਸਤਕ ਲਿਖ ਕੇ ਗੁਰੂ ਘਰ ਦੇ ਰਾਗੀਆਂ ਨੂੰ ਰਾਗ ਦੀ ਪਛਾਣ ਕਰਨ ਵਲ ਧਿਆਨ ਦੁਆਇਆ ਹੈ। ਸ. ਪਿਆਰਾ ਸਿੰਘ ਤਾਰ ਸ਼ਹਿਨਾਈ ਵਾਲਿਆਂ ਨੇਂ ਗੁਰਮਤਿ ਸੰਗੀਤੋ ਲਿਖ ਕੇ ਕੁਝ ਕੁ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ। ਇਸੇ ਤਰ੍ਹਾਂ ਪ੍ਰੋ. ਤਾਰਾ ਸਿੰਘ ਜੀ ਦੀਆਂ ਇਸ ਖੇਤਰ ਵਿੱਚ ਕੀਤੀਆਂ ਗਈਆਂ ਖੋਜਾਂ ਅਤੇ ਗੁਰਮਤਿ ਸੰਗੀਤ ਸੰਬੰਧੀ ਰਚੀਆਂ ਗਈਆਂ ਪੁਸਤਕਾਂ ਅਤੇ ਰਾਗ ਰਤਨਾਵਲੀਆਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰਮਤਿ ਸੰਗੀਤ ਦੀ ਪਰੰਪਰਾ ਬਾਰੇ ਡੂੰਘੀ ਜਾਣਕਾਰੀ ਦੇਂਦੀਆਂ ਹਨ। ਇਸ ਤੋਂ ਬਿਨਾਂ ਕ੍ਰਿਆਤਮਕ ਅਭਿਆਸ ਲਈ ਵੀ ਬੜੀਆਂ ਸਹਾਇਕ ਸਿੱਧ ਹੋ ਸਕਦੀਆਂ ਹਨ। ਸ਼ੋਕ ਦੀ ਗਲ ਹੈ ਕਿ ਇਨ੍ਹਾਂ ਪੁਸਤਕਾਂ ਤੋਂ ਬਹੁਤ ਘੱਟ ਗੁਰਬਾਣੀ ਦੇ ਕੀਰਤਨਕਾਰ ਅਤੇ ਰਾਗੀ ਸਾਹਿਬਾਨ ਲਾਭ ਉਠਾ ਰਹੇ ਹਨ। ਭਾਈ ਦੇਵਿੰਦਰ ਸਿੰਘ ਸ਼ਾਸਤਰੀ ਅਤੇ ਗੁਰਮਤਿ ਦੀ ਸਥਾਪਤ ਮਰਿਆਦਾ ਅਨੁਸਾਰੀ ਕੀਰਤਨ ਕਰਨ ਵਾਲਿਆਂ ਨੂੰ ਬੜੀ ਮਹੱਤਤਾ ਦੇਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਇਸ ਸਮੇਂ ਪੁਰਾਣੇ ਤਰੀਕੇ ਦੇ ਕੀਰਤਨ ਕਰਨ ਵਾਲੇ ਕੇਵਲ ਦੋ-ਚਾਰ ਹੀ ਰਾਗੀ ਸੱਜਣ ਹਨ, ਜਿਨ੍ਹਾਂ ਵਿੱਚੋਂ ਭਾਈ ਦਿਲਬਾਗ ਸਿੰਘ ਅਤੇ ਗੁਲਬਾਗ ਸਿੰਘ, ਭਾਈ ਅਮਰਜੀਤ ਸਿੰਘ ਤਾਨ ਭਾਈ ਅਮਰੀਕ ਸਿੰਘ ਜ਼ਖ਼ਮੀ ਅਤੇ ਭਾਈ ਦਇਆ ਸਿੰਘ ਪਟਨੇ ਵਾਲੇ ਹੁਣ ਵੀ ਰਾਗ ਸੰਗੀਤ ਦੀ ਕੀਰਤਨ ਵਿੱਚ ਮਹੱਤਤਾ ਨੂੰ ਕਾਇਮ ਰੱਖ ਰਹੇ ਹਨ।

ਗੁਰਬਾਣੀ ਦੇ ਕੀਰਤਨ ਦੀ ਸਥਾਪਤ ਗੁਰਮਤਿ ਮਰਿਆਦਾ ਬਾਰੇ ਵੀ ਉਨ੍ਹਾਂ ਦੇ ਵਿਚਾਰ ਬੜੇ ਸਪਸ਼ਟ ਅਤੇ ਵਡਮੁੱਲੇ ਹਨ। ਸਭ ਤੋਂ ਪਹਿਲਾਂ ਰਾਗੀ ਜਨ ਜਨ ਕੀਰਤਨਕਾਰ ਡੰਡਾਉਤ ਬੰਦਨਾਂ ਦੇ ਸ਼ਬਦਾਂ ਦਾ ਅਲਾਪ ਕਰਦੇ ਹਨ ਅਤੇ ਉਨ੍ਹਾਂ ਦਾ ਸਵਰ ਇਨ੍ਹਾਂ ਮਧੁਰ ਅਤੇ ਆਕਰਸ਼ਕ ਹੁੰਦਾ ਹੈ ਕਿ ਉਹ ਆਪਣੇ ਸਵਰ ਦੀ ਪਕਿਆਈ ਅਤੇ ਸ਼ੁੱਧਤਾ ਕਾਰਣ ਸ੍ਰੋਤਿਆਂ ਨੂੰ ਕੀਲ ਕੇ ਵਿਸਮਾਦ ਦੇ ਮੰਡਲ ਵਿੱਚ ਲੈ ਜਾਂਦੇ ਹਨ। ਬੰਦਨਾ ਉਪਰੰਤ ਪੁਰਾਣੇ ਰਾਗੀ ਰਾਗ ਵਿੱਚ ਸ਼ਬਦ ਦਾ ਗਾਇਨ ਕਰਦੇ ਹੁੰਦੇ ਸਨ, ਜਿਸ ਵਿੱਚ ਚੌਤਾਲ, ਜਾਂ ਆੜਾ ਚੌਤਾਲ ਜਾਂ ਸੂਲਫ਼ਾਖਤ (ਢਾਈਤਾਲ) ਜਾਂ ਧਮਾਰ ਤਾਲਾਂ ਵਿੱਚ ਸ਼ਬਦਾਂ ਦਾ ਗਾਇਨ ਕਰਦੇ ਸਨ। ਇਸ ਤੋਂ ਪਿੱਛੋਂ ਤੀਸਰਾ ਸ਼ਬਦ 'ਕਹਿਰਵਾ' ਜਾਂ ਤਿੰਨ ਤਾਲ ਵਿੱਚ ਹੁੰਦਾ ਸੀ। ਇਹ ਤਾਲ ਕੀਰਤਨ ਦੀ ਸਮਾਪਤੀ ਤੱਕ ਚਲਦੇ ਸਨ। ਕੀਰਤਨ ਦੀ ਸਮਾਪਤੀ ਪਉੜੀ ਦੇ ਗਾਇਦ ਦੁਆਰਾ ਕੀਤੀ ਜਾਂਦੀ ਸੀ।

ਪਰ ਵਰਤਮਾਨ ਕਾਲ ਵਿੱਚ ਗੁਰੂ ਕੀਰਤਨ ਦੀਆਂ ਇਹ ਸਭ ਵਿਸ਼ੇਸ਼ਤਾਵਾਂ ਦੁਰਲਭ ਹੋ ਗਈਆਂ ਹਨ। ਇਸ ਦਾ ਕਾਰਣ ਇਹ ਹੈ ਕਿ ਅੱਜਕੱਲ੍ਹ ਦੇ ਨਵ-ਸਿਖਿਅਤ ਕੀਰਤਨਕਾਰ ਤਬਲੇ ਦੀ ਸਿੱਖਿਆ ਨਹੀਂ ਲੈਂਦੇ ਅਤੇ ਕਿਸੇ ਨਿਪੁੰਨ ਗੁਰੂਜਨ ਕੋਲੋਂ ਸ਼ਾਸਤਰੀ ਸੰਗੀਤ ਦਾ ਬੋਧ ਵੀ ਪ੍ਰਾਪਤੀ ਨਹੀਂ ਕਰਦੇ। ਉਨ੍ਹਾਂ ਦੀ ਹਾਲਤ ਬੜੀ ਤਰਸਯੋਗ ਪ੍ਰਤੀਤ ਹੁੰਦੀ ਹੈ ਅੱਜ ਕੱਲ ਦੀ ਗੁਰੂ ਸੰਗਤ ਵੀ ਕੀਰਤਨ ਦੀਆਂ ਬਾਰੀਕੀਆਂ ਨੂੰ ਸਮਝਣ ਤੋਂ ਅਸਮਰਥ ਹੈ ਅਤੇ ਉਨ੍ਹਾਂ ਵਿੱਚ ਵੀ ਉਸ ਉਚੇਰੇ ਸੁਹਜ ਸੁਆਦ ਦਾ ਆਭਾਵ ਹੈ, ਜੋ ਪੁਰਾਤਨ ਸਿੱਖ ਸੰਗਤਾਂ ਵਿੱਚ ਹੁੰਦਾ ਸੀ। ਉਹ ਵੀ (Boy-feeding) ਚਾਹੁੰਦੀ ਹੈ ਕਿ ਰਾਗੀ ਸਿੰਘ ਸੁਖੈਣ ਤਰਜ਼ਾ ਵਿੱਚ ਕੀਰਤਨ ਕਰਨ ਅਤੇ ਸੰਗਤ ਵੀ ਨਾਲ ਨਾਲ ਗਾਈ ਜਾਵੇ। ਇਸ ਲਈ ਭਾਈ ਦੇਵਿੰਦਰ ਸਿੰਘ ਦਾ ਵਿਚਾਰ ਹੈ ਕਿ ਜਿਥੇ ਸਾਨੂੰ ਗੁਰਬਾਣੀ ਦੇ ਕੀਰਤਨਕਾਰਾਂ ਦੇ ਪੱਧਰ ਨੂੰ ਉਚਾ ਕਰਨ ਲਈ ਉਨਾਂ ਨੂੰ ਰਾਗ ਸੰਗੀਤ ਦਾ ਸ਼ਾਸਤਰੀ ਬੋਧ ਕਰਾਉਣਾ ਪਵੇਗਾ ਅਤੇ ਅਭਿਆਸ ਦੁਆਰਾ ਸਵਰ ਸਾਧਨਾ ਕਰਾਉਣੀ ਹੋਵੇਗੀ, ਉੱਥੇ ਨਾਲ ਹੀ ਗੁਰੂ ਸੰਗਤ ਦੇ ਸੁਹਜ ਸੁਆਦ ਨੂੰ ਵੀ ਬਦਲਣਾ ਹੋਵੇਗਾ ਅਤੇ ਉਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨੀ ਹੋਵੇਗੀ ਤਾਂ ਜੋ ਉਹ ਉਚੇਰੇ ਕੀਰਤਨ ਦੇ ਰਸ ਸੁਆਦ ਨੂੰ ਮਾਣ ਸਕਣ। ਅੱਜ ਕੱਲ ਦੀ ਸਥਿਤੀ ਬਾਰੇ ਤਾਂ ਉਹ ਇਹ ਕਹਿੰਦੇ ਹਨ ਕਿ ਜੇ ਗੁਰੂ ਦੀ ਸੰਗਤ ਵਿੱਚ ਪੰਡਿਤ ਰਵੀ ਸ਼ੰਕਰ, ਉਸਤਾਦ ਬਿਸਮਿਲਾ ਖਾਂ, ਉਸਤਾਦ ਗ਼ੁਲਾਮ ਅਲੀ ਆਦਿ ਵਰਗੇ ਮਹਾਨ ਕਲਾਕਾਰਾਂ ਨੂੰ ਪੇਸ਼ ਕਰ ਦਿੱਤਾ ਜਾਵੇ ਤਾਂ ਸੰਗਤਾਂ ਉਨ੍ਹਾਂ ਨੂੰ ਪੰਜ ਮਿੰਟ ਵੀ ਸ੍ਰਵਣ ਨਹੀਂ ਕਰ ਸਕਣਗੀਆਂ। ਪਰ ਭਾਈ ਦੇਵਿੰਦਰ ਸਿੰਘ ਦਾ ਵਿਚਾਰ ਹੈ ਕਿ ਜੋ ਭਾਈ ਚਾਂਦ, ਭਾਈ ਸਮੁੰਦ ਸਿੰਘ, ਭਾਈ ਗੁਰਮੁਖ ਸਿੰਘ, ਸੁਰਮੁਖ ਸਿੰਘ ਵਰਗੇ ਮਹਾਨ ਕੀਰਤਨਕਾਰ ਕੀਰਤਨ ਕਰ ਰਹੇ ਹੋਣ ਤਾਂ ਉਹ ਘੰਟਿਆਂ ਬਧੀ ਉਨ੍ਹਾਂ ਦੇ ਕੀਰਤਨ ਦੇ ਆਨੰਦ ਵਿੱਚ ਮਗਨ ਬੈਠੇ ਰਹਿਣਗੇ। ਇਹ ਕੀਰਤਨਕਾਰਾਂ ਨੂੰ ਹੀ ਗੌਰਵ ਪ੍ਰਾਪਤ ਸੀ ਕਿ ਆਪਣੀ ਸਾਧਨਾ ਕਲਾ ਗੁਰਬਾਣੀ ਦੇ ਅਥਾਹ ਗਿਆਨ, ਪ੍ਰੇਮ ਅਤੇ ਸ਼ਰਧਾ ਵਿੱਚ ਲੀਨ ਉਹ ਵਿਅਕਤੀ ਆਪਣੇ ਕੀਰਤਨ ਨੂੰ ਰੱਬੀ ਆਨੰਦ ਨਾਲ ਭਰਪੂਰ ਕਰ ਦੇਂਦੇ ਸਨ ਅਤੇ ਬਦੋ ਬਦੀ ਸ੍ਰੋਤਿਆਂ ਦੇ ਮਨ ਪ੍ਰਭੂ ਦੇ ਨਾਮ ਸਿਮਰਨ ਵਿੱਚ ਜੁੜ ਕੇ ਚਰਨ ਕਮਲਾਂ ਦੇ ਰਹੱਸ ਨੂੰ ਮਾਨਣ ਲੱਗ ਪੈਂਦੇ ਸਨ। ਭਾਈ ਦੇਵਿੰਦਰ ਸਿੰਘ ਦਾ ਮਤ ਹੈ ਕਿ ਗੁਰੂ ਕੀਰਤਨ ਦੀ ਮਰਿਆਦਾ ਵਿੱਚ ਸਾਨੂੰ ਅਜਿਹੇ ਸਹਿਜ ਅਤੇ ਸ਼ਾਂਤ ਰਸ ਦੇ ਵਾਤਾਵਰਣ ਦੀ ਹੀ ਪੁਨਰ ਸਥਾਪਤੀ ਕਰਨੀ ਹੋਵੇਗੀ।

ਸਿੰਘ ਨੇ ਵੀ ਭਾਗ ਲਿਆ। ਇਸੇ ਸੰਬੰਧ ਵਿੱਚ ਉਨ੍ਹਾਂ ਨੂੰ ਲੰਡਨ, ਕਵੈਤ, ਕਨੇਡਾ, ਬਰਮਾ, ਅਮਰੀਕਾ ਆਦਿ ਦੀ ਵਿਸ਼ੇਸ਼ ਯਾਤਰਾ ਵੀ ਕਰਨੀ ਪਈ ਹੈ। ਬਰਤਾਨੀਆ, ਅਮਰੀਕਾ ਅਤੇ ਕਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਕੀਰਤਨ ਕਰਨ ਸਮੇਂ ਉਨ੍ਹਾਂ ਨੂੰ ਗੁਰਬਾਣੀ ਦੇ ਸ਼ਬਦਾਂ ਦੀ ਅੰਗਰੇਜ਼ੀ ਵਿੱਚ ਵੀ ਵਿਆਖਿਆ ਕਰਨੀ ਪਈ ਹੈ। ਇਹ ਸਾਰੇ ਕਾਰਜ ਭਾਈ ਦੇਵਿੰਦਰ ਸਿੰਘ ਦੀ ਕਲਾ ਨੂੰ ਸਿਖ਼ਰਾਂ ਉੱਤੇ ਪਹੁੰਚਾਉਣ ਵਿੱਚ ਵੀ ਸਹਾਈ ਹੋਏ ਹਨ।

ਗੁਰੂ ਨਾਨਕ ਫਾਊਂਡੇਸ਼ਨ ਵਲੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਰਾਗਾਂ ਅਨੁਸਾਰ ਐਲ.ਪੀ. ਰਿਕਾਰਡ ਤਿਆਰ ਕਰਵਾਏ ਗਏ ਹਨ, ਉਨ੍ਹਾਂ ਵਿੱਚ ਭਾਈ ਦੇਵਿੰਦਰ ਸਿੰਘ ਦੇ ਰਿਕਾਰਡਾਂ ਦਾ ਵੀ ਪ੍ਰਮੁੱਖ ਸਥਾਨ ਹੈ। ਅਕਾਸ਼ਵਾਣੀ ਜਲੰਧਰ ਤੋਂ ਭਾਈ ਦੇਵਿੰਦਰ ਸਿੰਘ ਦੇ ਗੁਰਬਾਣੀ ਦੇ ਸ਼ਬਦਾਂ ਦੇ ਪ੍ਰੋਗਰਾਮ ਲਗਾਤਾਰ ਚਲਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਗਿਣਤੀ ਕੁਝ ਇੱਕ ਚੋਟੀ ਦੇ ਗੁਰਬਾਣੀ ਗਾਇਕਾਂ ਵਿੱਚ ਹੁੰਦੀ ਹੈ। ਉਨ੍ਹਾਂ ਦਾ ਆਸਾ ਦੀ ਵਾਰ ਦਾ ਸੰਪੂਰਣ ਰਿਕਾਰਡ ਵੀ ਸਪਤਾਹਿਕ ਪ੍ਰੋਗਰਾਮਾਂ ਵਿੱਚ ਕਈ ਵਾਰ ਦੋਹਰਾਇਆ ਗਿਆ ਹੈ। ਅਕਾਸ਼ਵਾਣੀ ਜਲੰਧਰ ਦੇ ਸ਼ਬਦ ਗਾਇਨ ਪ੍ਰੋਗਰਾਮਾਂ ਵਿੱਚ ਨਿਰਧਾਰਤ ਰਾਗਾਂ ਵਿੱਚ ਗਾਏ ਗਏ ਉਨ੍ਹਾਂ ਦੇ ਸ਼ਬਦ ਅਨੇਕ ਵਾਰ ਪ੍ਰਸਾਰਤ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਉਨ੍ਹਾਂ ਵਲੋਂ ਗਾਏ ਹੋਏ ਸ਼ਬਦਾਂ ਦੇ ਕਈ ਐਲ.ਪੀ. ਰਿਕਾਰਡ ਅਤੇ ਵੀਡੀਓ ਤਿਆਰ ਹੋ ਚੁੱਕੇ ਹਨ, ਜਿਨਾਂ ਦੁਆਰਾ ਉਨ੍ਹਾਂ ਦੀ ਇੱਕ ਕੀਰਤਨਕਾਰ ਦੇ ਤੌਰ ਤੇ ਪ੍ਰਸਿੱਧੀ ਵਿਸ਼ਵਵਿਆਪੀ ਰੂਪ ਹੀ ਧਾਰਣ ਕਰ ਗਈ ਹੈ।

ਇਨ੍ਹਾਂ ਕੀਰਤਨ ਦਰਬਾਰਾਂ ਦੇ ਪ੍ਰਭਾਵ ਸਦਕਾ ਹੀ ਭਾਈ ਦੇਵਿੰਦਰ ਸਿੰਘ ਜੀ ਨੇ ਹੁਣ ਕੇਵਲ ਕੀਰਤਨਕਾਰ ਅਤੇ ਗੁਰਬਾਣੀ ਗਾਇਕ ਦੇ ਕਿੱਤੇ ਨੂੰ ਹੀ ਪੱਕੇ ਤੌਰ ਤੇ ਅਪਣਾ ਲਿਆ ਹੈ ਅਤੇ ਆਪਣੀ ਸਮੁੱਚੀ ਸੰਗੀਤ ਕਲਾ ਨੂੰ ਗੁਰਮਤਿ ਸੰਗੀਤ ਦੀ ਵਿਰਧੀ ਅਤੇ ਵਿਕਾਸ ਦੇ ਲੇਖੇ ਲਾ ਦਿੱਤਾ ਜਾ ਸਮਰਪਤ ਕਰ ਦਿੱਤਾ ਹੈ।

## 6. ਕੀਰਤਨ ਬਾਰੇ ਅਨੁਭਵ ਤੇ ਚਿੰਤਨ

ਭਾਈ ਦੇਵਿੰਦਰ ਸਿੰਘ ਕੀਰਤਨ ਅਤੇ ਗੁਰਬਾਣੀ ਦੀ ਗਾਇਕੀ ਅਰਥਾਤ ਗੁਰਮਤਿ ਸੰਗੀਤ ਬਾਰੇ ਕਿਉਂ ਜੋ ਵਿਸ਼ਾਲ ਅਨੁਭਵ ਅਤੇ ਗਿਆਨ ਰੱਖਦੇ ਹਨ ਇਸ ਲਈ ਉਨ੍ਹਾਂ ਦੀਆਂ ਕੁਝ ਸਿਮਰਤੀਆਂ, ਪ੍ਰਭਾਵਾਂ, ਅਨੁਭਵਾਂ ਅਤੇ ਵਿਚਾਰਾਂ ਨੂੰ ਇੱਥ ਅੰਕਿਤ ਕਰਨਾ ਬੜਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਹ ਵਿਚਾਰ ਇਸ ਤਰ੍ਹਾਂ ਸਮਝ ਲਉ ਕਿ ਭਾਈ ਦੇਵਿੰਦਰ ਸਿੰਘ ਦੀ ਆਪਣੀ ਕਲਾ ਦੀ ਸ੍ਵੈ-ਵਿਆਖਿਆ ਤੇ ਸ੍ਵੈ-ਆਲੋਚਨਾ ਹੀ ਹਨ।

ਭਾਈ ਦੇਵਿੰਦਰ ਸਿੰਘ ਦਾ ਕਥਨ ਹੈ ਕਿ "ਮੇਰੇ ਪਿਤਾ ਜੀ ਅਤੇ ਮਾਤਾ ਜੀ ਦਾ ਸੰਗੀਤ ਨਾਲ ਅਟੁੱਟ ਪਿਆਰ ਮੈਨੂੰ ਅੱਜ ਦੀ ਮੰਜ਼ਿਲ ਤੇ ਪਹੁੰਚਾਉਣ ਲਈ ਸਹਾਈ ਹੋਇਆ।"

ਆਪਣੇ ਪਿਤਾ ਜੀ ਦੀ ਗਾਇਕੀ ਦੇ ਗੁਣਾਂ ਤੋਂ ਉਪਰੰਤ ਬਚਪਨ ਤੋਂ ਹੀ ਭਾਈ ਦੇਵਿੰਦਰ ਸਿੰਘ ਦੇ ਸੰਵੇਦਨਸ਼ੀਲ ਮਨ ਉੱਤੇ ਕਈ ਮਹਾਨ ਕੀਰਤਨਕਾਰਾਂ ਅਤੇ ਰਾਗੀਆਂ ਨੇ ਪ੍ਰਭਾਵ ਪਾਇਆ ਹੈ। ਇਨ੍ਹਾਂ ਵਿੱਚੋਂ ਭਾਈ ਚਾਂਦ ਜੀ ਬਾਰੇ ਭਾਈ ਦੇਵਿੰਦਰ ਸਿੰਘ ਇੰਝ ਕਥਨ ਕਰਦੇ ਹਨ, "ਸਾਡੇ ਪਿਛਕੋੜ ਵਿੱਚ ਭਾਈ ਚਾਂਦ ਇਕ ਅਲੌਕਿਕ ਢੰਗ ਨਾਲ ਕੀਰਤਨ ਕਰਦਾ ਸੀ। ਮੈਂ ਉਸ ਨੂੰ ਸੁਰ-ਸੁਆਦ, ਬਾਰੀਕੀ, ਰਾਗ ਦੀ ਸਪੱਸ਼ਟਤਾ ਅਤੇ ਗੁਰਬਾਣੀ ਦੇ ਭੰਡਾਰ ਦੇ ਰੂਪ ਵਿੱਚ ਵੇਖਿਆ ਹੈ।" ਇਨ੍ਹਾਂ ਤੋਂ ਬਿਨਾਂ ਭਾਈ ਸਮੁੰਦ ਸਿੰਘ ਤੇ ਹੋਰ ਪੂਰਵ ਕਾਲੀ ਕੀਰਤਨਕਾਰਾਂ ਬਾਰੇ ਵੀ ਉਨ੍ਹਾਂ ਦੇ ਮਨ ਵਿੱਚ ਯਾਦਾਂ ਤਾਜ਼ਾ ਹਨ, "ਭਾਈ ਸਮੰਦ ਸਿੰਘ ਨੂੰ ਕੀਰਤਨ ਕਰਦਿਆਂ ਇਨ੍ਹਾਂ ਦੇ ਉਪਰਲੀਆਂ ਸਾਰੀਆਂ ਖੂਬੀਆਂ ਕਰਕੇ ਸੰਗਤ ਨੂੰ ਵਿਸਮਾਦ ਵਿੱਚ ਲਿਆਉਂਦਿਆਂ ਵੇਖਿਆ ਹੈ। ਭਾਈ ਗੁਰਮੁਖ ਸਿੰਘ ਤੇ ਸੁਰਮੁਖ ਸਿੰਘ ਜੀ ਨੂੰ ਸੰਗੀਤ ਦੀਆਂ ਸਿਖ਼ਰਾਂ ਨੂੰ ਛੂਹਦਿਆਂ ਕੀਰਤਨ ਕਰਦਿਆਂ ਵੇਖਿਆ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਅੱਜ ਦਾ ਕੀਰਤਨ ਨਵਾਂ ਰੂਪ ਧਾਰਣ ਕਰ ਗਿਆ ਹੈ। ਮੇਰੇ ਵਿਚਾਰ ਵਿੱਚ ਕੀਰਤਨ ਇੱਕ ਤਪੱਸਿਆ ਹੈ, ਸਾਧਨਾ ਹੈ, ਜਿਸ ਲਈ ਬੜਾ ਲੰਮਾ ਸਫਰ ਕਰਨ ਤੋਂ ਬਾਅਦ ਹੀ ਪ੍ਰਾਪਤੀ ਹੋਣ ਦੀ ਆਸ ਬੱਝਦੀ ਹੈ, ਪਰੰਤੂ ਅੱਜ ਦੇ ਰਾਗੀ ਵਧੇਰੇ ਕਰਕੇ ਅਜਿਹੇ ਹਨ, ਜਿਨ੍ਹਾਂ ਨੇ ਨਾ ਸਿਖਿਆ ਵੱਲ ਧਿਆਨ ਦਿੱਤਾ ਹੁੰਦਾ ਹੈ ਅਤੇ ਨਾ ਹੀ ਸੰਗੀਤ ਦੀ ਪ੍ਰਾਪਤੀ ਲਈ ਉਸਤਾਦਾਂ ਦੀ ਮਾਰ ਖਾਧੀ ਹੁੰਦੀ ਹੈ। ਕੇਵਲ ਰਾਤੋ-ਰਾਤ ਦੋ ਸ਼ਬਦ ਯਾਦ ਕਰਕੇ ਅਤੇ ਉਨ੍ਹਾਂ ਨੂੰ ਸਵੇਰੇ ਫ਼ਿਲਮੀ ਤਰਜ਼ਾਂ ਉਤੇ ਗਾ ਕੇ ਰਾਗੀ ਬਣਨ ਵਲ ਕਦਮ ਵਧਾ ਰਹੇ ਹੁੰਦੇ ਹਨ।

ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਕ੍ਰਿਆਤਮਕ ਸਿੱਖਿਆ ਵੱਲ ਰਚੇ ਗਏ ਸਾਹਿਤ ਦੀ ਮਹੱਤਤਾ ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਅਜਿਹੇ ਸਾਹਿਤ ਦੀ ਬੜੀ ਵੱਡੀ ਲੋੜ ਹੈ। ਸ. ਗਿਆਨ ਸਿੰਘ ਐਪਟਾਬਾਦ ਵਾਲਿਆਂ ਨੇ ਗੁਰਮਤਿ

## 7. ਭਾਈ ਦੇਵਿੰਦਰ ਸਿੰਘ ਦੀ ਕੀਰਤਨ ਸ਼ੈਲੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

ਭਾਈ ਦੇਵਿੰਦਰ ਸਿੰਘ ਜੀ ਇੱਕ ਉਚਕੋਟੀ ਦੇ ਗਾਇਕ ਅਤੇ ਕੀਰਤਨਕਾਰ ਹਨ। ਉਨ੍ਹਾਂ ਉੱਤੇ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੋਹਾਂ ਦਾ ਹੀ ਵਿਸ਼ੇਸ਼ ਪ੍ਰਭਾਵ ਹੈ ਅਤੇ ਇਸ ਤੋਂ ਬਿਨਾਂ ਉਨ੍ਹਾਂ ਉੱਤੇ ਉੱਪ ਸ਼ਾਸਤਰੀ ਅਤੇ ਸੁਗਮ ਸੰਗੀਤ ਨੇ ਵੀ ਕਾਫੀ ਅਸਰ ਪਾਇਆ ਹੈ ਕਿਉਂ ਜੋ ਆਪਣੇ ਸਾਰੇ ਜੀਵਨ ਵਿੱਚ ਉਚਕੋਟੀ ਦੇ ਕਲਾਕਾਰਾਂ ਨੂੰ ਭਾਵੇਂ ਉਹ ਸ਼ਾਸਤਰੀ ਸੰਗੀਤ ਦੇ ਹੋਣ ਜਾਂ ਸੁਗਮ ਸੰਗੀਤ ਦੇ, ਸੁਣਿਆਂ ਤੋਂ ਮਾਣਿਆਂ ਹੈ। ਸਗੋਂ ਉਨ੍ਹਾਂ ਦੀ ਕਲਾ ਦਾ ਸੁਚੇਤ ਰੂਪ ਵਿੱਚ ਵਿਸ਼ਲੇਸ਼ਣ ਵੀ ਕੀਤਾ ਹੈ। ਸ਼ਾਸਤਰੀ, ਉਪ ਸ਼ਾਸਤਰੀ ਅਤੇ ਸੁਗਮ ਸੰਗੀਤ ਦੀ ਗਾਇਕੀ ਨੇ, ਜਿਸ ਵਿੱਚ ਲੋਕ ਸੰਗੀਤ ਅਤੇ ਗ਼ਜ਼ਲ ਆਦਿ ਵੀ ਸ਼ਾਮਲ ਹੈ, ਉਨ੍ਹਾਂ ਨੂੰ ਇੱਕ ਰਸਿਕ ਕਲਾਕਾਰ ਦੇ ਰੂਪ ਵਿੱਚ ਵਿਕਸਤ ਕੀਤਾ ਹੈ। ਉਹ ਸਵਰ ਤੇ ਤਾਲ ਦੇ ਬੜੇ ਪਕੇ ਹਨ। ਉਨ੍ਹਾਂ ਦੀ ਆਵਾਜ਼ ਵਿੱਚ ਰਸ ਹੈ। ਉਨ੍ਹਾਂ ਦੀ ਗਾਇਕੀ ਵਿੱਚ ਇੱਕ ਉਤਮ ਕਲਾਕਾਰ ਵਾਲਾ ਵਿਸ਼ਵਾਸ ਤੇ ਨਿਵੇਕਲਾਪਣ ਦ੍ਰਿਸ਼ਟੀਗੋਚਰ ਹੁੰਦਾ ਹੈ ਆਪਣੇ ਜੀਵਨ ਦੇ ਲੰਮੇ ਅਭਿਆਸ ਕਾਰਣ ਉਨ੍ਹਾਂ ਨੇ ਆਪਣੀ ਵਿਅਕਤੀਗਤ ਕੀਰਤਨ ਸ਼ੈਲੀ ਵੀ ਵਿਕਸਤ ਕਰ ਲਈ ਹੈ। ਇਸ ਗਾਇਨ ਸ਼ੈਲੀ ਵਿੱਚ ਕੁਝ ਨਿਵੇਕਲੀਆਂ ਵਿਸ਼ੇਸ਼ਤਾਵਾਂ ਹਨ। ਉਨ੍ਹਾਂ ਦਾ ਸ਼ਬਦਾਂ ਨੂੰ ਉਚਾਰਣ ਦਾ ਢੰਗ ਬੜਾ ਸਪਸ਼ਟ ਤੇ ਪ੍ਰਭਾਵਸ਼ਾਲੀ ਹੁੰਦਾ ਹੈ। ਇਸ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਸ਼ਬਦ ਦੀ ਧੁਰ ਆਤਮਾ ਵਿੱਚ ਖੁਭ ਗਏ ਹਨ ਅਤੇ ਉਸ ਦੇ ਅਰਥ ਅਤੇ ਭਾਵ ਦੋਹਾਂ ਨੂੰ ਹੀ ਸੰਚਾਰ ਕਰ ਸਕਣ ਦੇ ਯਤਨ ਵਿੱਚ ਹਨ। ਸ਼ਾਸਤਰੀ ਰਾਗਾਂ ਦਾ ਉਹ ਆਸਰਾ ਲੈਂਦੇ ਹਨ ਅਤੇ ਸ਼ਬਦ ਨੂੰ ਉਸ ਦੇ ਮੂਲ ਰਾਗ ਵਿੱਚ ਹੀ ਵਧੇਰੇ ਕਰਕੇ ਗਾਉਂਦੇ ਹਨ। ਵਿਸ਼ੇਸ਼ ਕਰਕੇ ਸਥਾਈ ਦੇ ਅੰਗ ਨੂੰ, ਜਾਂ ਬਹੁਤੀ ਵਾਰ ਰਹਾਓ ਦੀ ਪੰਗਤੀ ਹੁੰਦੀ ਹੈ। ਇਨ੍ਹਾਂ ਬੋਲਾਂ ਨੂੰ ਨਿਖੇੜ ਕੇ ਤੇ ਰਾਗਾਂ ਦੇ ਸਵਰਾਂ ਨੂੰ ਜਗਾ ਕੇ ਪ੍ਰਸਤੁਤ ਕਰਨ ਵਿੱਚ ਉਨ੍ਹਾਂ ਨੂੰ ਕਮਾਲ ਹਾਸਲ ਹੈ। ਸ਼ਾਸਤਰੀ ਗਾਇਕਾਂ ਸਮਾਨ ਉਹ ਕੀਰਤਨ ਵਿੱਚ ਸਹਿਜ ਅਤੇ ਸ਼ਾਂਤ ਦੇ ਵਾਤਾਵਰਣ ਨੂੰ ਵਧੇਰੇ ਕਰਕੇ ਵਿਲੰਬਤ ਲੈਅ ਵਿੱਚ ਕਰਦੇ ਹਨ। ਇੱਥੋਂ ਤੱਕ ਕਿ ਦਸਮ ਬਾਣੀ ਦੇ ਸਵੱਯੇ ਨੂੰ ਵੀ ਉਹ ਰਾਗ ਦੀ ਬੰਦਸ਼ ਵਿੱਚ ਲਿਆ ਕੇ ਵਿਲੰਬਤ ਲੈਅ ਵਿੱਚ ਹੀ ਗਾਉਂਦੇ ਹਨ, ਅਤੇ ਕੀਰਤਨ ਵਿੱਚ ਵਿਸ਼ੇਸ਼ ਸੁਹਜ ਸੁਆਦ ਨੂੰ ਸਿੰਚਤ ਕਰਦੇ ਹਨ। ਲੋੜ ਅਨੁਸਾਰ ਗੁਰਬਾਣੀ ਵਿੱਚੋਂ ਸ਼ਬਦ ਦੇ ਭਾਵ ਦੀ ਹੋਰ ਵਿਆਖਿਆ ਲਈ ਪ੍ਰਮਾਣ ਵੀ ਦੇਂਦੇ ਹਨ, ਪਰ ਉਹ ਪ੍ਰਮਾਣ ਦੇਣ ਸਮੇਂ ਰਾਗ ਜਾਂ ਮੂਲ ਸ਼ਬਦ ਦੇ ਦਾਇਰੇ ਤੋਂ ਬਾਹਰ ਨਹੀਂ ਜਾਂਦੇ ਅਤੇ ਛੇਤੀ ਮੁੜ ਸਥਾਈ ਦੇ ਬੋਲਾਂ ਅਤੇ ਰਾਗ ਦੀ ਆਰੋਹੀ, ਅਵਰੋਹੀ ਵਲ ਪਰਤ ਆਉਂਦੇ ਹਨ। ਖਿਆਲ ਦੇ ਗਾਇਕ ਸਮਾਨ ਇਕ ਇੱਕ ਪੰਗਤੀ ਦੀ ਗਾਇਕੀ ਵਿੱਚ ਲੋੜੀਂਦੀਆਂ ਬੜਤਾਂ ਕਰਦੇ ਰਹਿੰਦੇ ਹਨ, ਜਿਵੇਂ ਕਿ ਖਿਆਲ ਦੇ ਗਾਇਕ ਭਾਵ ਪ੍ਰਦਰਸ਼ਨ ਲਈ ਇਕੋ ਵਾਕ ਨੂੰ ਭਾਵ ਦੇ ਪ੍ਰਦਰਸ਼ਨ ਲਈ ਵੱਖ ਵੱਖ ਰੂਪ ਵਿੱਚ ਗਾਉਂਦੇ ਹਨ। ਉਹ ਸਟੂਡੀਓ ਦੀ ਗਾਇਕੀ ਅਤੇ ਕੀਰਤਨ ਦਰਬਾਰ ਦੀ ਗਾਇਕੀ ਦੇ ਅੰਤਰ ਨੂੰ ਬਹੁਤ ਭਲੀ ਪ੍ਰਕਾਰ ਸਮਝਦੇ ਹਨ। ਉਨ੍ਹਾਂ ਦੇ ਸਟੂਡਿਓ ਲਈ ਗਾਏ ਗਏ ਸ਼ਬਦ ਜੋ ਅਕਾਸ਼ਵਾਣੀ ਤੋਂ ਅਕਸਰ ਪ੍ਰਸਾਰਤ ਹੁੰਦੇ ਰਹਿੰਦੇ ਹਨ ਆਪਣੇ ਰਾਗ ਦੇ ਸ਼ੁੱਧ ਸਰੂਪ ਨੂੰ ਲਈ ਬੈਠੇ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਭਾਈ ਦੇਵਿੰਦਰ ਸਿੰਘ ਸਵਰਾਂ ਦੀਆਂ ਬਾਰੀਕੀਆਂ ਅਤੇ ਲੈਅਕਾਰੀ ਦੀਆਂ ਕਈ ਕੋਮਲਤਾਵਾਂ ਨੂੰ ਪ੍ਰਦਰਸ਼ਨ ਕਰ ਜਾਂਦੇ ਹਨ। ਇੱਕ ਲੋੜੀਂਦਾ ਵੈਰਾਗ ਤੇ ਮਸਤੀ ਦਾ ਵਾਤਾਵਰਣ ਉਤਪੰਨ ਕਰ ਸਕਣਾ ਉਨ੍ਹਾਂ ਦੀ ਕਲਾ ਦੀ ਵਿਸ਼ੇਸ਼ਤਾ। ਕੀਰਤਨ ਦਰਬਾਰ ਵਿੱਚ ਉਹ ਵਧੇਰੇ ਕਰਕੇ ਕੀਰਤਨ ਦੀ ਸਥਾਪਤ ਪਰੰਪਰਾ ਅਤੇ ਸ੍ਰੋਤਿਆਂ ਦੀਆਂ ਰੁਚੀਆਂ ਦਾ ਖਿਆਲ ਰੱਖਦੇ ਹਨ। ਉਹ ਸ੍ਰੋਤਿਆਂ ਤੇ ਸੰਗਤਾਂ ਨੂੰ ਦੂਜੇ ਰਾਗੀਆਂ ਸਮਾਨ ਆਪਣੇ ਨਾਲ ਗਾਉਣ ਲਈ ਵੀ ਸੱਦਾ ਦੇਂਦੇ ਹਨ, ਪਰ ਫਿਰ ਥੋੜਾ ਜਿਹਾ ਰੰਗ ਵਿਖਾ ਕੇ ਆਪ ਅਜਿਹੀਆਂ ਬਾਰੀਕੀਆਂ ਵਲ ਆ ਜਾਂਦੇ ਹਨ ਕਿ ਸ੍ਰੋਤਿਆਂ ਦਾ ਉੱਥੋਂ ਤੱਕ ਪਹੁੰਚਾਉਣਾ ਕਠਿਨ ਹੁੰਦਾ ਹੈ। ਉਹ ਲੋਕ ਸੰਗੀਤ ਦੇ ਦੇਸੀ ਅੰਗਾਂ ਤੋਂ ਤਾਂ ਪ੍ਰਭਾਵਤ ਹੁੰਦੇ ਹਨ, ਪਰ ਫ਼ਿਲਮੀ ਤੇ ਹੋਰ ਗੀਤਾਂ ਦੀਆਂ ਸਸਤੀਆਂ ਧੁਨਾਂ ਤੋਂ ਕੋਹਾਂ ਦੂਰ ਰਹਿੰਦੇ ਹਨ। ਇਹੋ ਕਾਰਣ ਹੈ ਕਿ ਉਨ੍ਹਾਂ ਦੀ ਗਾਇਕੀ ਆਪਣੇ ਵਿੱਚ ਉਚਕੋਟੀ ਦੀ ਰਸਿਕਤਾ ਤੇ ਕਲਾਤਮਕਤਾ ਨੂੰ ਸਮੋਈ ਬੈਠੀ ਹੈ।

ਆਪਣੇ ਕੀਰਤਨ ਦੀ ਸ਼ੈਲੀ ਅਤੇ ਗਾਇਕੀ ਬਾਰੇ ਉਨ੍ਹਾਂ ਨੇ ਆਪ ਵੀ ਕੁਝ ਸ੍ਵੈ-ਵਿਆਖਿਆ ਕੀਤੀ ਹੈ। ਇਥੇ ਅਸੀਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ ਹੀ ਉਨ੍ਹਾਂ ਦੇ ਕਥਨਾਂ ਵਿੱਚੋਂ ਕੁਝ ਹਵਾਲੇ ਦੇ ਰਹੇ ਹਾਂ। "ਰੇਡੀਉ ਦੀ ਨੌਕਰੀ ਕਰਨ ਨਾਲ ਸੰਗੀਤਕ ਦਾਇਰਾ ਆਪਣੇ ਆਪ ਹੀ ਵਿਸ਼ਾਲ ਹੋ ਜਾਂਦਾ ਹੈ। ਹਰ ਪ੍ਰਾਂਤ ਦੀਆਂ ਲੋਕ ਸੰਗੀਤਕ ਰਚਨਾਵਾਂ ਨੂੰ ਸੁਣਨ ਤੇ ਸਮਝਣ ਦਾ ਮੌਕਾ ਮਿਲਦਾ ਹੈ। ਚੰਗੇ ਸੰਗੀਤਕਾਰਾਂ ਤੇ ਗ਼ਜ਼ਲ ਗਾਇਕਾਂ ਨੂੰ ਸੁਣਨ ਦਾ ਸਮਾਂ ਬਣਦਾ ਹੈ, ਜਿਸ ਕਾਰਣ ਸੁਗਮ ਸੰਗੀਤ ਦੀਆਂ ਬਾਰੀਕੀਆਂ ਬਦੋ-ਬਦੀ ਮਨ ਅੰਦਰ ਪ੍ਰਵੇਸ਼ ਕਰ ਜਾਂਦੀਆਂ ਹਨ। ਇਹੋ ਹੀ ਕਾਰਣ ਹੈ ਕਿ ਮੈਂ ਕੀਰਤਨ ਕਰਨ ਲਗਿਆਂ ਜਾਂ ਤਾਂ ਰਾਗ ਦਾ ਸਹਾਰਾ ਲੈਂਦਾ ਹਾਂ ਜਾਂ ਫਿਰ ਸੁਤੇ ਹੀ ਉਤਪੰਨ ਹੋਣ ਵਾਲੀਆਂ ਸੰਗੀਤਕ

ਲਹਿਰਾਂ ਰਾਹੀਂ ਕੀਰਤਨ ਕਰਦਾ ਹਾਂ। ਮੇਰੇ ਉੱਤੇ ਫ਼ਿਲਮੀ ਦੁਨੀਆਂ ਦਾ ਕੋਈ ਅਸਰ ਵੀ ਨਹੀਂ ਹੁੰਦਾ।"

ਮੇਰੇ ਦੋਸਤ ਗ਼ੁਲਾਮ ਅਲੀ ਨੇ ਲੰਡਨ ਵਿੱਚ ਕਿਸੇ ਨੂੰ ਇਹ ਕਿਹਾ ਸੀ ਕਿ "ਕੀਰਤਨ ਗੁਰਬਾਣੀ ਦਾ ਸੁਆਦ ਭਾਈ ਦੇਵਿੰਦਰ ਸਿੰਘ ਜੀ ਨੂੰ ਸੁਣ ਕੇ ਆ ਜਾਂਦਾ ਹੈ।" ਇਹ ਲੋਕ, ਸੁਰ-ਸੁਆਦ ਤੇ ਬਰੀਕੀ ਨੂੰ ਪਿਆਰ ਕਰਦੇ ਹਨ ਅਤੇ ਇਹ ਚੀਜ਼ਾਂ ਬਿਨਾ ਸਿੱਖਿਆ ਹਾਸਲ ਨਹੀਂ ਹੋ ਸਕਦੀਆਂ।"

ਭਾਈ ਦੇਵਿੰਦਰ ਸਿੰਘ ਜੀ ਦਾ ਇਹ ਵਿਚਾਰ ਹੈ ਕਿ ਸੰਗੀਤ ਦੀ ਸਿੱਖਿਆ ਬਿਨਾ ਤਾਲੀਮ ਤੋਂ ਹਾਸਲ ਨਹੀਂ ਹੋ ਸਕਦੀ। ਜਦੋਂ ਤੱਕ ਤੁਸੀਂ ਕਿਸੇ ਪ੍ਰਵੀਨ ਗੁਰੂ ਦੀਆਂ ਉਚ-ਉਡਾਰੀਆਂ ਵਿੱਚ ਗਾਈਆਂ ਹੋਈਆਂ ਸੰਗੀਤਕ ਸਵਰਾਂ ਨੂੰ ਆਪਣੇ ਹਿਰਦੇ ਦੀਆਂ ਲਹਿਰਾਂ ਵਿੱਚ ਨਹੀਂ ਸਮਾਂ ਲੈਂਦੇ, ਤਦੋਂ ਤੱਕ ਤੁਸੀਂ ਗੁਰੂ ਕੀਰਤਨ ਦੀ ਆਤਮਾ ਤੱਕ ਨਹੀਂ ਪਹੁੰਚ ਸਕਦੇ।

ਇਸ ਵਿੱਚ ਕਲਾਕਾਰ ਦੇ ਮੌਲਿਕ ਗੁਣ ਅਤੇ ਕਲਾ ਕੌਸਲ ਦੋਵੇਂ ਹੀ ਕਾਰਜ ਕਰਦੇ ਹਨ। ਕੀਰਤਨ ਨੂੰ ਅਜਿਹੀ ਰੱਬੀ-ਦਾਤ ਅਤੇ ਰੂਹਾਨੀ ਮੰਡਲ ਦੀ ਅਦੁੱਤੀ ਕਲਾ ਸਮਝ ਕੇ ਹੀ ਸਾਡੇ ਕੀਰਤਨਕਾਰ ਗੁਰਮਤਿ ਸੰਗੀਤ ਦੀਆਂ ਉੱਚੀਆਂ ਸਿਖ਼ਰਾਂ ਨੂੰ ਛੋਹ ਸਕਦੇ ਹਨ। ਤਦੋਂ ਹੀ ਗੁਰੂ ਘਰ ਦੇ ਕੀਰਤਨ ਵਿੱਚ ਆਤਮ ਰਸ ਦੀ ਸ਼ਾਂਤੀ ਦੇਣ ਵਾਲੀ ਅਤੇ ਤਪਦੇ ਹਿਰਦੇ ਨੂੰ ਸ਼ਾਂਤ ਕਰਨ ਵਾਲੀ ਵਿਸਮਾਦੀ ਅਵਸਥਾ ਉਤਪੰਨ ਕੀਤੀ ਜਾ ਸਕਦੀ ਹੈ।

## 8. ਕੀਰਤਨਕਾਰ ਦਾ ਆਦਰਸ਼ਕ ਸੰਕਲਪ

ਭਾਈ ਦੇਵਿੰਦਰ ਸਿੰਘ ਸਭਾ ਤੋਂ ਪਹਿਲੇ ਰਾਗੀ ਹਨ, ਜਿਨ੍ਹਾਂ ਨੇ ਬੀ.ਸੀ. ਲੰਡਨ ਤੋਂ ਆਪਣੇ ਕੀਰਤਨ ਦਾ ਪ੍ਰਸਾਰਨ ਕੀਤਾ ਹੈ। ਪੱਛਮੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਕੀਰਤਨ ਕਰਨ ਸਮੇਂ ਉਨ੍ਹਾਂ ਨੂੰ ਸ਼ਬਦਾਂ ਦੀ ਵਿਆਖਿਆ ਅੰਗਰੇਜ਼ੀ ਵਿੱਚ ਕਰਨ ਦਾ ਮੌਕਾ ਵੀ ਮਿਲਿਆ ਹੈ। ਇਸ ਤਰ੍ਹਾਂ ਆਪ ਜੀ ਨੇ ਆਪਣੇ ਮਧੁਰ ਕੀਰਤਨ ਦੁਆਰਾ ਪੱਛਮੀ ਦੇਸ਼ਾਂ ਦੇ ਸ੍ਰੋਤਿਆਂ ਨੂੰ ਵੀ ਗੁਰਬਾਣੀ ਦੇ ਕੀਰਤਨ ਦਾ ਰਸ ਸੁਆਦਨ ਕਰਵਾਇਆ ਹੈ।

ਕਦੀ ਭਾਈ ਦੇਵਿੰਦਰ ਸਿੰਘ ਗੁਰੂ ਕੀਰਤਨ ਤੋਂ ਬਿਨਾਂ ਹੋਰ ਸੰਗੀਤਕ ਪ੍ਰਣਾਲੀਆਂ, ਸ਼ਾਸਤਰੀ ਗਾਇਨ ਅਤੇ ਸੁਗਮ ਸੰਗੀਤ ਗਾਇਨ ਵਿੱਚ ਵੀ ਦਿਲਚਸਪੀ ਲੈਂਦੇ ਸਨ, ਪਰ ਜਦੋਂ ਤੋਂ ਉਹਨਾਂ ਨੇ ਕੀਰਤਨ ਦਰਬਾਰਾਂ ਦੀ ਲਹਿਰ ਨੂੰ ਸੰਗਠਿਤ ਕੀਤਾ ਹੈ, ਤਦੋਂ ਤੋਂ ਉਨ੍ਹਾਂ ਨੇ ਆਪਣੀ ਪ੍ਰਭਾਵਸ਼ਾਲੀ ਗਾਇਕੀ ਨੂੰ ਨਿਰੋਲ ਗੁਰੂ ਕੀਰਤਨ ਅਤੇ ਗੁਰੂ ਘਰ ਦੀ ਮਹਿਮਾ ਤੇ ਵਡਿਆਈ ਨੂੰ ਗਾਉਣ ਤੱਕ ਹੀ ਸੀਮਤ ਕਰ ਲਿਆ ਹੈ। ਇਸ ਨਾਲ ਉਨ੍ਹਾਂ ਦਾ ਪਹਿਲਾ ਸਾਰਾ ਸੰਗੀਤਕ ਅਨੁਭਵ ਆਪਣੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਹੁਣ ਗੁਰੂ ਸ਼ਬਦਾਂ ਦੇ ਗਾਇਨ ਵਿੱਚ ਪ੍ਰਫੁਲਤ ਹੋ ਗਿਆ ਹੈ। ਉਨ੍ਹਾਂ ਦੀ ਨਵੇਂ ਰਿਕਾਰਡਾਂ ਅਤੇ ਕੈਸਟਾਂ ਵਿੱਚ ਉਨ੍ਹਾਂ ਦੀ ਕਰਤਾਰੀ ਪ੍ਰਤਿਭਾ ਦੇ ਝਲਕਾਰੇ ਉਨ੍ਹਾਂ ਦੇ ਗਾਏ ਹੋਏ ਗੁਰਮਤਿ ਸੰਗੀਤ ਵਿੱਚ ਵੇਖੇ ਜਾ ਸਕਦੇ ਹਨ।

ਭਾਈ ਦੇਵਿੰਦਰ ਸਿੰਘ ਜੀ ਨੂੰ ਸਾਨੂੰ ਇੱਕ ਭੇਟ ਵਾਰਤਾ ਵਿੱਚ ਦਸਿਆ ਹੈ ਕਿ "ਇੱਕ ਵਾਰ ਭਾਈ ਚਾਂਦ ਜੀ ਨੂੰ 'ਮੀਆਂ ਚੰਨੂ' ਵਿਖੇ ਮੁਸਲਮਾਨ ਸ੍ਰੋਤਿਆਂ ਨੇ ਇੱਕ ਗ਼ਜ਼ਲ ਗਾਣ ਲਈ ਕਿਹਾ, ਪਰ ਭਾਈ ਚਾਂਦ ਜੀ ਨੇ ਇਹ ਕਿਹਾ ਸੀ ਕਿ ਮੈਂ ਗੁਰੂ ਰਾਮ ਦਾਸ ਜੀ ਦਾ ਹਜ਼ੂਰੀ ਕੀਰਤਨੀਆਂ ਹਾਂ, ਮੈਂ ਇਸ ਜ਼ੁਬਾਨ ਤੋਂ ਗੁਰਬਾਣੀ ਤੋਂ ਬਿਨਾਂ ਕੁਝ ਹਰ ਗਾ ਕੇ ਆਪਣੇ ਮਾਲਕ ਦੀ ਦਰਗਾਹ ਵਿੱਚ ਝੂਠਾ ਨਹੀਂ ਹੋਣਾ ਚਾਹੁੰਦਾ।" ਭਾਈ ਦੇਵਿੰਦਰ ਸਿੰਘ ਦਾ ਕਥਨ ਹੈ ਕਿ 'ਮੈਂ ਵੀ ਵਿਸ਼ਵਾਸ ਕਰਦਾ ਹਾਂ ਕਿ ਗੁਰਬਾਣੀ ਦਾ ਕੀਰਤਨ ਹੀ ਮੇਰਾ ਜੀਵਨ ਆਧਾਰ ਹੋਵੇ ਅਤੇ ਇਹ ਅਰਦਾਸ ਹੈ ਕਿ ਗੁਰੂ ਦੇ ਸ਼ਬਦ ਤੋਂ ਬਿਨਾਂ ਇਸ ਰਸਨਾ ਦੁਆਰਾ ਕੋਈ ਕਿਸੇ ਹੋਰ ਕੱਚੀ ਬਾਣੀ ਦਾ ਗਾਇਨ ਨਾ ਕੀਤਾ ਜਾਵੇ..... ਮਤਿ ਸ਼ਰਮਿੰਦਾ ਥੀਵਈ ਸਾਈ ਦੇ ਦਰਬਾਰ। ਗੁਰੂ ਕਰੇ ਕਿ ਭਾਈ ਦੇਵਿੰਦਰ ਸਿੰਘ ਜੀ ਦੀ ਅਰਦਾਸ ਪ੍ਰਵਾਨ ਹੋਵੇ ਤੇ ਉਹ ਗੁਰੂ ਕੀਰਤਨ ਦੁਆਰਾ ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਹੋਰ ਬਹੁਤ ਵੱਡੀਆਂ ਦੇਣਾ ਦੇਣ।

(25 ਮਈ 1987 ਨੂੰ ਇਸ ਮਹਾਨ ਕੀਰਤਨਕਾਰ ਨੂੰ ਕਿਸੇ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ)

# ਤਿੰਨ ਤਾਲ:ਕਾਇਦਾ ਸੀਰੀਜ਼

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**
(ਲਾਹੌਰ ਬਾਜ ਪੰਜਾਬ ਘਰਾਣਾ)

ਤਬਲਾ ਵਿਦਿਆਰਥੀਆਂ ਲਈ ਲੜੀਵਾਰ ਕਾਇਦਾ ਸੀਰੀਜ਼ ਅਧੀਨ ਛੋਟੀ ਬਹਿਰ ਦੇ ਤਿੰਨ ਤਾਲ ਦੇ ਕੁਲ 10 ਕਾਇਦੇ ਦੇ ਚੁੱਕਾ ਹਾਂ। ਹੁਣ ਵੱਡੀ ਬਹਿਰ ਦਾ **ਕਾਇਦਾ ਨੰ: 11** ਲੈ ਕੇ ਹਾਜ਼ਿਰ ਹੋਇਆਂ ਹਾਂ। ਜਿਸ ਦਾ ਇਜ਼ਾਫ਼ਾ 6 ਬੰਦਾ ਜ਼ਰੀਏ ਕੀਤਾ ਗਿਆ ਹੈ। ਇਸ ਕਾਇਦੇ ਵਿੱਚ 8 ਮਾਤ੍ਰਾ ਦਾ ਮੂਲ ਬੋਲ ਹੈ, 4 ਮਾਤ੍ਰ ਦਾ ਜੋੜ ਅਤੇ 4 ਮਾਤ੍ਰਾ ਦੀ ਰਦੀਫ਼ ਖਾਲੀ ਹੈ। ਇਸੇ ਤਰ੍ਹਾਂ ਦੂਜੇ ਭਾਗ ਵਿੱਚ ਮੂਲ ਬੋਲ, ਜੋੜ ਹੈ ਅਤੇ ਰਦੀਫ਼ ਭਰੀ ਹੈ। ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ। ਵਧੇਰੇ ਜਾਣਕਾਰੀ ਲਈ ਸਿਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ।

**ਕਾਇਦਾ # 11**

ਧਾ-ਤਿਟ ਘਿਨਾਨਗ ਤਿਟਤਿਟ ਘਿੜਾ-ਗ, ਤਿਕਘਿਨਾ ਨਗਤਿਟ ਘਿਨਾਨਗ ਤਿਨਾਕਿਨਾ ।
ਤਾ-ਤਿਟ ਕਿਨਾਨਕ ਤਿਟਤਿਟ ਕੜਾ-ਕ, ਤਿਕਘਿਨਾ ਨਗਤਿਟ ਘਿਨਾਨਗ ਧਿਨਾਗਿਨਾ ॥

**ਦੋਹਰਾ**

ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਧਾ-ਤਿਟਘਿਨਾਨਗ ਤਿਟਤਿਘਿੜਾ-ਗ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਧਿਨਾਗਿਨਾ ।
ਤਾ-ਤਿਟਕਿਨਾਨਕ ਤਿਟਤਿਟਕਿੜਾ-ਕ, ਤਾਤਿਟਕਿੜਨਕ ਤਿਟਤਿਟਕੜਾਕ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਧਿਨਾਗਿਨਾ ॥

**ਬੰਧ # 1**

ਘਿਨਾਨਗਤਿਟਤਿਟ ਘਿੜਾ-ਗਘਿਨਾਨਗ ਤਿਟਤਿਟਘਿੜਾ-ਗ ਧਾਤਿਟਘਿਨਾਨਗ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਤਿਨਾਕਿਨਾ ।
ਕਿਨਾਨਕਤਿਟਤਿਟ ਕੜਾ-ਕਕਿਨਾਨਕ ਤਿਟਤਿਟ ਕੜਾ-ਕ ਤਾਤਿਟਕਿਨਾਨਕ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਧਿਨਾਗਿਨਾ ॥

**ਬੰਧ # 2**

ਘਿਨਾਨਗਤਿਟਤਿਟ ਘਿੜਨਗਤਿਟਤਿਟ ਘਿੜਾ-ਗਘਿਨਾਨਗ ਤਿਟਤਿਟਘਿੜਾ-ਗ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਤਿਨਾਕਿਨਾ ।
ਕਿਨਾਨਕਤਿਟਤਿਟ ਕਿਨਾਨਕਤਿਟਤਿਟ ਕਿੜਾ-ਕਕਿਨਾਨਕ ਤਿਟਤਿਟਕੜਾ-ਕ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਧਿਨਾਗਿਨਾ ॥

**ਬੰਧ # 3**

ਧਾ-ਤਿਟਘਿਨਾਨਗ ਤਿਟਤਿਘਿੜਾ-ਗ, --ਤਿਟਘਿਨਾਨਗ ਤਿਟਤਿਘਿੜਾ-ਗ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਤਿਨਾਕਿਨਾ।
ਤਾ-ਤਿਟਘਿਨਾਨਕ ਤਿਟਤਿਕਿੜਾ-ਕ, --ਤਿਟਘਿਨਾਨਗ ਤਿਟਤਿਕਿੜਾ-ਕ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਗਤਿਟ ਘਿਨਾਨਗਧਿਨਾਗਿਨਾ ॥

RNI Regd. No. 46788/89 ISSN 0972-2335

**ਬੰਧ # 4**

ਧਾ-ਤਿਟਘਿਨਾਨਗ ਤਿਟਤਿਘਿੜਾ-ਗ, --ਤਿਟਘਿਨਾਨਗ ਤਿਟਤਿਘਿੜਾ-ਗ,
--ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਤਿਨਾਕਿਨਾ।
ਤਾ-ਤਿਟਕਿਨਾਨਕ ਤਿਟਤਿਕਿੜਾ-ਕ, --ਤਿਟਕਿਨਾਨਕ ਤਿਟਤਿਕਿੜਾ-ਕ,
ਧਾ-ਤਿਟਘਿਨਾਨਗ ਤਿਟਤਿਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਧਿਨਾਗਿਨਾ ॥

**ਬੰਧ # 5**

ਘਿਨਾਨਗਤਿਟਤਿਟ ਘਿੜਾ-ਗਘਿਨਾਨਗ ਤਿਟਤਿਟਘਿੜਾ-ਗ ਤਿਟਤਿਟਤਿਟਤਿਟ,
ਕਤਿਟਘਿਨਾਨਗ ਤਿਟਤਿਟਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਤਿਨਾਕਿਨਾ।
ਕਿਨਾਨਕਤਿਟਤਿਟ ਕੜਾ-ਕਕਿਨਾਨਕਤਿਟਤਿਟਕੜਾ-ਕ ਤਿਟਤਿਟਤਿਟਤਿਟ
ਕਤਿਟਘਿਨਾਨਗ ਤਿਟਤਿਟਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਧਿਨਾਗਿਨਾ ॥

**ਬੰਧ # 6**

ਤਿਟਤਿਟਘਿਨਾਨਗ ਤਿਟਤਿਟਘਿੜਾ-ਗ, ਤਿਟਤਿਟਘਿਨਾਨਗਤਿਟਤਿਟਘਿੜਾ-ਗ,
ਤਿਕਘਿਨਾਨਗਘਿਨਾ ਨਗਤਿਕਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਤਿਨਾਕਿਨਾ ।
ਤਿਟਤਿਟਕਿਨਾਨਕ ਤਿਟਤਿਟਕਿੜਾ-ਕ, ਤਿਟਤਿਟਕਿਨਾਨਕ ਤਿਟਤਿਟਕਿੜਾ-ਕ,
ਤਿਕਘਿਨਾਨਗਘਿਨਾ ਨਗਤਿਕਘਿੜਾ-ਗ, ਤਿਕਘਿਨਾਨਗਤਿਟ ਘਿਨਾਨਗਧਿਨਾਗਿਨਾ॥

ਕਾਇਦੇ ਦਾ ਮੁਕਾਮ (ਚਕਰਦਾਰ)

ਤਿਕਘਿਨਾ ਨਗਤਿਕ ਘਿਨਾਨਗ ਤਿਟਤਿਟ ਕਤਾ-ਨ ਧਾ,ਤਿਟ ਤਿਟਕਤਾ -ਨਧਾ, ਤਿਟਤਿਟ ਕਤਾ-ਨ ਧਾ---, ਤਿਕਘਿਨਾ ਨਗਤਿਕ ਘਿਨਾਨਗ ਤਿਟਤਿਟ ਕਤਾ-ਨ ਧਾ,ਤਿਟ ਤਿਟਕਤਾ -ਨਧਾ, ਤਿਟਤਿਟ ਕਤਾ-ਨ ਧਾ---, ਤਿਕਘਿਨਾ ਨਗਤਿਕ ਘਿਨਾਨਗ ਤਿਟਤਿਟ ਕਤਾ-ਨ ਧਾ,ਤਿਟ ਤਿਟਕਤਾ -ਨਧਾ, ਤਿਟਤਿਟ ਕਤਾ-ਨ । ਧਾ


# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲ੍ਹਾ - ਗੁਰਦਾਸਪੁਰ, ਪੰਜਾਬ (ਭਾਰਤ)
ਫੋਨ ਨੰ: +91-98143 49658
Email: harbhajansinghdhariwal@gmail.com



# HIS MASTER'S WORDS

The Book is available on **Amazon.**

CONTACT US

**The Browser**

**Bookstore - Publishing**

SCO 14-15, First Floor, Sector 8-C, Madhya Marg
Chandigarh- 160009
Ph: 9878799100, 09888304261, 9988421860
www.thebrowser.org service@thebrowser.org